ਪੰਜਾਬ ਵਿਚ ਦਹਿਸ਼ਤਗਰਦੀ

(ਇਕ ਅਧਿਅਨ)

ਲੇਖਕ :
ਸਤਪਾਲ ਡਾਂਗ

ਸ਼ਹੀਦ ਨਛੱਤਰ ਧਾਲੀਵਾਲ ਪ੍ਰਕਾਸ਼ਨ, ਮੋਗਾ

ਮੁਲ : ਦੋ ਰੁਪਏ

ਇਕ ਅਧਿਅਨ

ਪੰਜਾਬ ਵਿਚ ਦਹਿਸ਼ਤਗਰਦੀ

(ਇਹ ਪਰਚਾ ਮਹਾਰਾਣੀ ਦੁਰਗਾਵਤੀ ਯੂਨੀਵਰਸਿਟੀ ਜਬਲਪੁਰ ਵਲੋਂ ਕਰਵਾਈ ਗੋਸ਼ਟੀ ਲਈ ਲਿਖਿਆ ਗਿਆ ਸੀ)

ਹਿੰਸਾ ਨੂੰ ਦਹਿਸ਼ਤਗਰਦੀ ਦੇ ਬਰਾਬਰ ਨਹੀਂ ਸਮਝਿਆ ਜਾ ਸਕਦਾ। ਇਥੋਂ ਤਕ ਕਿ ਅਹਿੰਸਾ ਦੇ ਦੂਤ ਗਾਂਧੀ ਜੀ ਨੇ ਵੀ ਕੁਝ ਵਿਸ਼ੇਸ਼ ਸੰਕਟ ਭਰੇ ਹਾਲਾਤ ਵਿਚ ਹਿੰਸਾ ਦੀ ਵਰਤੋਂ ਨੂੰ ਜਾਇਜ਼ ਠਹਿਰਾਇਆ ਸੀ। ਮਿਸਾਲ ਵਜੋਂ ਜੇ ਕੋਈ ਔਰਤ ਆਪਣੇ ਸਤ ਦੀ ਰਾਖੀ ਲਈ ਹਿੰਸਾ ਵਰਤੇ। ਰਾਜਨੀਤੀ ਦੇ ਖੇਤਰ ਵਿਚ ਵੀ ਇਸ ਸੰਬੰਧੀ ਉਹਨਾਂ ਦੇ ਵਿਚਾਰ ਕਠੋਰ ਅਤੇ ਅਬਦਲ ਨਹੀਂ ਸਨ। ਉਹਨਾਂ ਨੇ ਆਪਣੀ ਇਕ ਸਿਵਲ ਨਾ-ਫੁਰਮਾਨੀ ਦੀ ਲਹਿਰ ਚੌਰਾ ਚੌਰੀ ਦੀ ਘਟਨਾ ਕਾਰਨ ਵਾਪਸ ਲੈ ਲਈ ਸੀ। ਉਸ ਤੋਂ ਬਾਅਦ ਸਿਵਲ ਨਾ-ਫੁਰਮਾਨੀ ਦੀ ਜਨਤਕ ਲਹਿਰ ਸਮੇਂ ਉਹ ਮੇਰਠ ਸਾਜ਼ਸ਼ ਕੇਸ ਵਿਚ ਫੜੇ, ਕਮਿਊਨਿਸਟਾਂ ਨੂੰ ਮਿਲੇ ਸਨ ਅਤੇ ਉਹਨਾਂ ਯਕੀਨ ਦਵਾਇਆ ਸੀ ਕਿ ਇਹੋ ਜਿਹੀ ਕਿਸੇ ਘਟਨਾ ਦੇ ਹੋ ਜਾਣ ਤੇ ਲਹਿਰ ਨੂੰ ਵਾਪਸ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਭ ਤਰ੍ਹਾਂ ਦੀ ਹਿੰਸਾ ਦਹਿਸ਼ਤਗਰਦੀ ਨਹੀਂ ਹੁੰਦੀ, ਪਰੰਤੂ ਹਿੰਸਾ ਦਹਿਸ਼ਤਗਰਦੀ ਦਾ ਇਕ ਮੂਲ ਹਿੱਸਾ ਹੈ। ਦਹਿਸ਼ਤਗਰਦੀ ਦੀ ਕੋਈ ਸਰਵ-ਵਿਆਪਕ ਪਰਿਭਾਸ਼ਾ ਬਣਾਉਣਾ ਸੌਖਾ ਕੰਮ ਨਹੀਂ। ਇਹ ਕੰਮ ਕਿਸੇ ਯੋਗ ਬੰਦੇ ਤੇ ਸੁਟਿਆ ਜਾ ਸਕਦਾ ਹੈ। ਇਤਿਹਾਸ ਦਾ ਸੀਮਤ ਜਿਹਾ ਗਿਆਨ ਰੱਖਣ ਵਾਲੇ ਇਕ ਸਿਆਸੀ ਕਾਰਕੁਨ ਵਜੋਂ ਅਸੀਂ ਕੁਝ ਵਿਚਾਰ ਪੇਸ਼ ਕਰਦੇ ਹਾਂ। ਦਹਿਸ਼ਤਗਰਦੀ ਹਿੰਸਾ ਦੁਆਰਾ ਦਹਿਸ਼ਤ ਪੈਦਾ ਕਰਕੇ ਕੋਈ ਰਾਜਨੀਤਕ ਟੀਚਾ ਪ੍ਰਾਪਤ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਇਹ ਟੀਚਾ ਜਾਇਜ਼ ਤੇ ਚੰਗਾ ਵੀ ਹੋ ਸਕਦਾ ਹੈ ਅਤੇ ਨਜਾਇਜ਼ ਤੇ ਗਲਤ ਵੀ। ਇਹ ਵਾਕਈ ਉਹਨਾਂ ਲੋਕਾਂ ਦੇ ਹਿਤ ਵਿਚ ਹੋ ਸਕਦਾ ਹੈ ਜਿਹਨਾਂ ਦੇ ਨਾਂ ਤੇ ਦਹਿਸ਼ਤ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਉਹਨਾਂ ਹੀ ਲੋਕਾਂ ਦੇ ਹਿਤਾਂ ਦੇ ਖਿਲਾਫ ਵੀ ਹੋ ਸਕਦਾ ਹੈ। ਦਹਿਸ਼ਤ ਪੈਦਾ ਕਰਨ ਵਾਸਤੇ ਵਰਤੀ ਜਾਂਦੀ ਹਿੰਸਾ ਸੋਚੀ ਸਮਝੀ ਵੀ ਹੋ ਸਕਦੀ ਹੈ ਅਤੇ ਅੰਨ੍ਹੇਵਾਹ ਵੀ। ਬੇ-ਸਮਝੀ ਭਰੀ ਅਤੇ ਨਾ-ਅਨੁਮਾਨਣਯੋਗ ਵੀ ਹੋ ਸਕਦੀ ਹੈ। ਇਹ ਅਸਰਦਾਰ ਟੀਚੇ ਦੇ ਸੁਭਾ ਅਤੇ ਉਹਨਾਂ ਦੇ ਸੁਭਾ ਤੇ ਨਿਰਭਰ ਕਰਦਾ ਹੈ ਜੋ ਦਹਿਸ਼ਤਗਰਦੀ ਨੂੰ ਵਰਤਦੇ ਹਨ।

ਜੇ ਟੀਚਾ ਉੱਚਾ ਅਤੇ ਜਾਇਜ਼ ਵੀ ਹੋਵੇ ਤਾਂ ਵੀ ਦਹਿਸ਼ਤਗਰਦੀ ਸਫਲ ਨਹੀਂ ਹੋ ਸਕਦੀ। ਟੀਚੇ ਦਾ ਜਾਇਜ਼ ਹੋਣਾ ਦਹਿਸ਼ਤਗਰਦੀ ਨੂੰ ਛੱਡਣ ਦੇ ਢੰਗ ਵਿਚ ਮਦਦ ਕਰ ਸਕਦਾ ਹੈ। ਜਿਸ ਹੱਦ ਤੱਕ ਇਹ ਨਹੀਂ ਹੁੰਦਾ, ਦਹਿਸ਼ਤਗਰਦੀ ਦਾ ਪਤਨ ਹੋ ਜਾਂਦਾ ਹੈ। ਇਥੋਂ ਤਕ ਕਿ ਚੰਗੇ ਇਰਾਦੇ ਵਾਲੇ ਲੋਕਾਂ ਦਾ ਵੀ।

ਸਾਡੇ ਆਪਣੇ ਇਤਿਹਾਸ ਵਿਚ ਇਸ ਉਪਰੋਕਤ ਦਲੀਲ ਦੀ ਹਮਾਇਤ ਤੇ ਪੁਸ਼ਟੀ ਕਰਨ ਵਾਸਤੇ ਢੇਰਾਂ ਸਮੱਗਰੀ ਮਿਲ ਜਾਂਦੀ ਹੈ।

ਕੁਝ ਅਜੋਕੇ ਦਹਿਸ਼ਤਗਰਦ ਸਾਡੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਨਾਂ ਵਰਤਣ ਦੀ ਕੋਸ਼ਿਸ਼ ਕਰਦੇ ਹਨ, ਪਰੰਤੂ ਫਾਂਸੀ ਲੱਗਣ ਤੋਂ ਕੁਝ ਹੀ ਹਫਤੇ ਪਹਿਲਾਂ ਦੋ ਫਰਵਰੀ 1931 ਨੂੰ ਭਗਤ ਸਿੰਘ ਨੇ ਆਪਣੇ ਇਕ ਇਨਕਲਾਬੀ ਸਾਥੀ ਨੂੰ ਭੇਜੇ ਸੁਨੇਹੇ ਵਿਚ ਜੋ ਕੁਝ ਖੁਦ ਕਿਹਾ ਉਹ ਇਉਂ ਹੈ:

"ਜ਼ਾਹਰਾ ਤੌਰ ਤੇ ਮੈਂ ਇਕ ਦਹਿਸ਼ਤਗਰਦ ਵਾਂਗ ਕੰਮ ਕੀਤਾ ਹੈ, ਪਰ ਮੈਂ ਦਹਿ-ਸ਼ਤਗਰਦ ਨਹੀਂ। ਮੈਂ ਆਪਣੀ ਪੂਰੀ ਸ਼ਕਤੀ ਨਾਲ ਐਲਾਨ ਕਰਦਾ ਹਾਂ ਕਿ ਮੈਂ ਦਹਿਸ਼ਤ-ਗਰਦ ਨਹੀਂ ਅਤੇ ਆਪਣੇ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਦਿਨਾਂ ਤੋਂ ਛੁਟ ਨਾ ਕਦੇ ਸੀ। ਮੈਨੂੰ ਯਕੀਨ ਹੈ ਕਿ ਅਸੀਂ ਇਹਨਾਂ ਤਰੀਕਿਆਂ ਦੇ ਜ਼ਰੀਏ ਕੁਝ ਵੀ ਹਾਸਲ ਨਹੀਂ ਕਰ ਸਕਦੇ।"

ਇਸ ਤੋਂ ਵਧ ਹੋਰ ਕੁਝ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ। ਬੱਬਰ ਅਕਾਲੀ ਵੀ ਸਨ, ਜਿਹਨਾਂ ਦੇ ਪਵਿੱਤਰ ਉਦੇਸ਼ ਅਤੇ ਉਚੇ ਟੀਚੇ ਸਨ। ਉਹਨਾਂ ਦਾ ਨਿਸ਼ਾਨਾ ਸਾਮਰਾਜੀ ਏਜੰਟ ਬਣਦੇ ਸਨ। ਉਹ ਆਪਣੇ ਨਿਸ਼ਾਨੇ ਦਾ ਐਲਾਨ ਪਹਿਲਾਂ ਹੀ ਕਰ ਦਿੰਦੇ ਸਨ ਅਤੇ ਉਹਨਾਂ ਬੰਦਿਆਂ ਦੇ ਵੀ ਨਾਂ ਦੱਸ ਦਿੰਦੇ ਸਨ ਜਿਹਨਾਂ ਨੂੰ ਉਹਨਾਂ ਨੇ ਮਾਰਨਾ ਹੁੰਦਾ ਸੀ ਜਿਸ ਨਾਲ ਬਰਤਾਨਵੀ ਹਾਕਮਾਂ ਅਤੇ ਉਹਨਾਂ ਦੀ ਪੁਲਿਸ ਵਲੋਂ ਨਿਰਦੋਸ਼ ਲੋਕਾਂ ਨੂੰ ਤੰਗ ਕੀਤਾ ਜਾਣਾ ਲਗਭਗ ਅਸੰਭਵ ਹੋ ਜਾਂਦਾ ਸੀ। ਉਹਨਾਂ ਦਾ ਨਿਸ਼ਾਨਾ ਔਰਤਾਂ ਅਤੇ ਬੱਚੇ ਨਹੀਂ ਬਣਦੇ ਸਨ। ਇਥੋਂ ਤਕ ਕਿ ਮੁਖਬਰਾਂ ਦੇ ਔਰਤਾਂ ਅਤੇ ਬੱਚੇ ਵੀ। ਤਜਰਬੇ ਨਾਲ ਉਹਨਾਂ ਨੇ ਵੀ ਦਹਿਸ਼ਤਗਰਦੀ ਦਾ ਰਾਹ ਛੱਡ ਦਿਤਾ।

ਨਕਸਲੀ ਵੀ ਇਕ ਉਚੇ ਮਨੋਰਥ ਨੂੰ ਲੈ ਕੇ ਚੱਲੇ ਹੋਏ ਹਨ। ਉਹ ਇਕ ਜਮਾਤ ਰਹਿਤ ਸਮਾਜ ਚਾਹੁੰਦੇ ਹਨ ਜਿਸ ਵਿਚ ਬੰਦਾ ਬੰਦੇ ਦੀ ਲੁੱਟ ਨਾ ਕਰੇ। ਨਕਸਲੀਆਂ ਵਲੋਂ ਦਹਿਸ਼ਤਗਰਦੀ ਨੂੰ ਵਰਤਣ ਦਾ ਕੀ ਤਜਰਬਾ ਹੋਇਆ? ਬਹੁਤ ਸਾਰਿਆਂ ਨੇ ਦਹਿਸ਼ਤ-ਗਰਦੀ ਦਾ ਰਾਹ ਛੱਡ ਦਿਤਾ ਹੈ ਅਤੇ ਭਾਰਤ ਦੀ ਖੱਬੀ ਲਹਿਰ ਦੀ ਮੁੱਖ ਧਾਰਾ ਵਿਚ ਮੁੜ ਸ਼ਾਮਲ ਹੋ ਗਏ ਹਨ। ਬਹੁਤ ਸਾਰਿਆਂ ਨੇ ਨਾ ਤਾਂ ਸਿਰਫ ਦਹਿਸ਼ਤਗਰਦੀ ਹੀ ਛੱਡੀ ਹੈ ਸਗੋਂ ਰਾਜਨੀਤੀ ਵੀ ਛੱਡ ਦਿਤੀ ਹੈ। ਉਹ ਬਹੁਤ ਸਾਰੇ ਗਰੁਪਾਂ ਵਿਚ ਖਿੰਡ ਗਏ ਹਨ। ਕੁਝ ਦਹਿਸ਼ਤਗਰਦੀ ਨੂੰ ਛੱਡਣ ਵਾਲੇ ਪਾਸੇ ਚਲ ਰਹੇ ਹਨ ਅਤੇ ਜਿਹੜੇ ਅਜਿਹਾ ਨਹੀਂ ਕਰ ਰਹੇ ਉਹ ਜਾਤਪਾਤੀ, ਗੁਟ-ਲੜਾਈਆਂ ਵਿਚ ਪਤਨਸ਼ੀਲ ਹੋ ਰਹੇ ਹਨ।

ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਦਹਿਸ਼ਤਗਰਦੀ, ਨਾਗਾਲੈਂਡ, ਮਿਜ਼ੋਰਮ,

ਦਾਰਜੀਲਿੰਗ, ਤ੍ਰਿਪੁਰਾ ਵਗੈਰਾ ਵਿਚ ਸਫਲ ਹੋਈ ਹੈ ਪਰ ਇਸ ਦਲੀਲ ਵਿਚ ਕੋਈ ਵਜ਼ਨ ਨਹੀਂ । ਜਿਹੜੇ ਭਾਰਤ ਦੇ ਇਸ ਹਿਸੇ ਵਿਚ ਦਹਿਸ਼ਤਗਰਦੀ ਵਰਤਦੇ ਰਹੇ ਹਨ ਉਹਨਾਂ ਨੂੰ ਆਪਣਾ ਮੂਲ ਵਖਵਾਦੀ ਟੀਚਾ ਛੱਡਣਾ ਪਿਆ ਹੈ । ਇਥੋਂ ਤਕ ਕਿ ਉਹਨਾਂ ਨੂੰ ਦਹਿਸ਼ਤ-ਗਰਦੀ ਵੀ ਛੱਡਣੀ ਪਈ ਹੈ ਜਾਂ ਇਸਨੂੰ ਛੱਡਣ ਲਈ ਰਾਜ਼ੀ ਹੋਣਾ ਪਿਆ ਹੈ ਅਤੇ ਉਨ੍ਹਾਂ ਨੇ ਵਧ ਤੋਂ ਵਧ ਬਾਕੀ ਦੇ ਭਾਰਤ ਵਿਚ ਹੋਏ ਭਾਸ਼ਾਈ ਮੁੜ ਸੰਗਠਨ ਜਿੰਨਾਂ ਹੀ ਹਾਸਲ ਕੀਤਾ ਹੈ ਅਤੇ ਯਾਦ ਰਹੇ ਕਿ ਏਨਾ ਤਾਂ ਜਨਤਕ ਲਹਿਰਾਂ ਨਾਲ ਪਹਿਲਾਂ ਹੀ ਪ੍ਰਾਪਤ ਕੀਤਾ ਜਾ ਚੁੱਕਾ ਸੀ ਜੋ ਮੁੱਖ ਤੌਰ ਤੇ ਅਹਿੰਸਕ ਲਹਿਰਾਂ ਸਨ । ਕਿਹਾ ਤਾਂ ਇਹ ਜਾ ਸਕਦਾ ਹੈ ਕਿ ਦਹਿਸ਼ਤਗਰਦੀ ਨੇ ਉਹ ਕੁੱਝ ਹਾਸਲ ਕਰਨ ਵਿਚ ਦੇਰ ਕਰਵਾਈ ਹੈ ਜੋ ਕੁਝ ਭਾਰਤ ਦੇ ਉਤਰ ਪੂਰਬੀ ਹਿਸਿਆਂ ਦੀਆਂ ਲੜਾਈਆਂ ਵਿਚ ਸੱਚਮੁਚ ਜਾਇਜ਼ ਸੀ ।

ਹੁਣ ਅਸੀਂ ਪੰਜਾਬ ਵਿਚਲੀ ਦਹਿਸ਼ਤਗਰਦੀ ਦੀ ਗੱਲ ਕਰਦੇ ਹਾਂ । ਅਸੀਂ ਥਾਂ ਦੀ ਥੁੜ੍ਹ ਕਾਰਨ ਇਸਦੇ ਵਖ-ਵਖ ਪੱਖਾਂ ਤੇ ਸੰਖੇਪ ਵਿਚ ਹੀ ਚਰਚਾ ਕਰਾਂਗੇ ।

ਪੰਜਾਬ ਦੇ ਦਹਿਸ਼ਤਗਰਦਾਂ ਦਾ ਟੀਚਾ

ਪੰਜਾਬ ਦੇ ਦਹਿਸ਼ਤਗਰਦਾਂ ਦਾ ਟੀਚਾ "ਖਾਲਿਸਤਾਨ" ਅਰਥਾਤ ਇਕ ਆਜ਼ਾਦ ਪ੍ਰਭੂਸਤਾਵਾਨ ਧਾਰਮਿਕ ਸਿੱਖ ਰਾਜ ਹੈ । ਇਹ ਨਾ ਸਿਰਫ ਸਮੁੱਚੇ ਤੌਰ ਤੇ ਭਾਰਤ ਅਤੇ ਭਾਰਤ ਦੇ ਲੋਕਾਂ ਦੇ ਹੀ ਖਿਲਾਫ ਹੈ, ਸਗੋਂ ਖੁਦ ਸਿੱਖਾਂ ਦੇ ਹਿਤਾਂ ਦੇ ਵੀ ਵਿਰੁੱਧ ਹੈ । ਸੰਸਾਰ ਵਿਚ ਕਿਤੇ ਵੀ ਕਿਸੇ ਧਰਮ ਦੇ ਨਾਂ ਤੇ ਚਲਦੇ ਰਾਜ ਨੇ ਉਸ ਰਾਜ ਧਰਮ ਨੂੰ ਮੰਨਣ ਵਾਲੇ ਆਮ ਲੋਕਾਂ ਦਾ ਕਦੇ ਭਲਾ ਨਹੀਂ ਕੀਤਾ ਹੈ । ਪਾਕਿਸਤਾਨ ਦੇ ਇਸਲਾਮੀ ਰਾਜ ਨੇ ਉਸ ਮੁਲਕ ਦੇ ਆਮ ਮੁਸਲਮਾਨਾਂ ਯਾਨੀ ਮਜ਼ਦੂਰਾਂ, ਖੇਤ ਮਜ਼ਦੂਰਾਂ, ਗਰੀਬ ਕਿਸਾਨਾਂ, ਗੱਭਲੀ ਜਮਾਤ ਵਗੈਰਾ ਦੇ ਲੋਕਾਂ ਲਈ ਕੋਈ ਖੁਸ਼ਹਾਲੀ ਨਹੀਂ ਲਿਆਂਦੀ, ਸਗੋਂ ਇਸ ਧਾਰਮਕ ਰਾਜ ਦੇ ਸਮੁੱਚੇ ਦੌਰ ਵਿਚ ਲੋਕ ਬੁਨਿਆਦੀ ਮਾਨਵੀ ਹੱਕਾਂ ਤੇ ਜਮਹੂਰੀ ਹੱਕਾਂ ਤੋਂ ਵਾਂਝੇ ਰਹੇ ਹਨ । ਮੁਸਲਮਾਨ ਨੌਜਵਾਨਾਂ ਦੀ ਬੇਰੁਜ਼ਗਾਰੀ ਖਤਮ ਨਹੀਂ ਹੋਈ । ਔਰਤਾਂ ਨੂੰ ਜੀਵਨ ਦੇ ਹਰ ਪਹਿਲੂ ਵਿਚ ਦੂਜੇ ਦਰਜੇ ਦਾ ਸ਼ਹਿਰੀ ਰਖਿਆ ਗਿਆ ਹੈ । ਹਿੰਦੂ ਮੁਸ-ਲਿਮ ਫਸਾਦਾਂ ਦੀ ਥਾਂ ਪਾਕਿਸਤਾਨ ਵਿਚ ਹੁਣ ਸ਼ੀਆ-ਸੁਨੀ ਫਸਾਦ, ਮਹਾਜਰਾਂ ਅਤੇ ਜੱਦੀ ਵਾਸੀਆਂ ਦੇ ਫਸਾਦ ਹੁੰਦੇ ਹਨ । ਇਨ੍ਹਾਂ ਫਸਾਦਾਂ ਵਿਚ ਦੋਹੀਂ ਪਾਸੀਂ ਮੁਸਲਮਾਨ ਹੁੰਦੇ ਹਨ । ਜੇ ਭਾਰਤ ਅਜ ਇਹ ਕਹਿ ਦੇਵੇ ਕਿ 1947 ਵਿਚ ਭਾਰਤ ਛੱਡ ਕੇ ਪਾਕਿਸਤਾਨ ਗਏ ਮੁਸਲਮਾਨ ਵਾਪਸ ਆ ਕੇ ਭਾਰਤ ਵਿਚ ਵਸ ਸਕਦੇ ਹਨ ਤਾਂ ਮੈਨੂੰ ਪੱਕਾ ਯਕੀਨ ਹੈ ਕਿ ਭਾਰੀ ਗਿਣਤੀ ਸੁਖ ਦਾ ਸਾਹ ਲੈਂਦਿਆਂ ਹੋਇਆਂ ਇਸ ਮੌਕੇ ਦਾ ਫਾਇਦਾ ਉਠਾਏਗੀ । ਬੇਸ਼ੱਕ ਧਰਮ ਨਿਰਪੱਖ ਭਾਰਤ ਵਿਚ ਭੈੜੀ ਹਾਲਤ, ਗਲਤੀਆਂ ਅਤੇ ਅਨਿਆਂ ਹਨ ਫਿਰ ਵੀ ਧਾਰਮਕ ਪਾਕਿਸਤਾਨ ਦੀ ਹਕੀਕਤ ਯਕੀਨਨ ਉਹਨਾਂ ਲਈ ਇਕ ਸ਼ਬਕ ਹੈ ਜਿਹੜੇ ਖਾਲਿਸਤਾਨ ਦੇ ਨਾਹਰੇ ਵਲ ਖਿਚੇ ਜਾਂਦੇ ਹਨ । ਨੇਪਾਲ ਇਕ ਹਿੰਦੂ ਰਾਜ ਹੈ ।

ਇਹ ਪਾਕਿਸਤਾਨ ਦੇ ਮੁਸਲਮਾਨ ਹੋਣ ਨਾਲੋਂ ਵਧ ਹਿੰਦੂ ਹੈ। ਜੇ ਨੇਪਾਲ ਦਾ ਕੋਈ ਹਿੰਦੂ ਆਪਣੀ ਮਰਜ਼ੀ ਨਾਲ ਧਰਮ ਬਦਲ ਲੈਂਦਾ ਹੈ ਤਾਂ ਉਸ ਉਤੇ ਮੁਕੱਦਮਾ ਚਲ ਸਕਦਾ ਹੈ ਤੇ ਉਸਨੂੰ ਕੈਦ ਹੋ ਸਕਦੀ ਹੈ। ਇਹ ਇਕ ਹਿੰਦੂ ਰਿਆਸਤ ਹੈ। ਇਸ 'ਚ ਹਿੰਦੂ ਜਾਗੀਰਦਾਰ ਖੁਸ਼ ਹੋ ਸਕਦੇ ਹਨ ਪਰੰਤੂ ਆਮ ਹਿੰਦੂਆਂ ਦੀ ਕੀ ਹਾਲਤ ਹੈ ? ਅਸੀਂ ਪੰਜਾਬ ਵਿਚ ਰਹਿਣ ਵਾਲੇ ਜਾਣਦੇ ਹਾਂ ਕਿ ਬਿਹਾਰ ਦੇ ਗਰੀਬ ਹਿੰਦੂ ਕਿੰਨੇ ਗਰੀਬ ਹਨ ਜੋ ਕਿ ਭਾਰਤ ਦਾ ਸਭ ਤੋਂ ਗਰੀਬ ਸੂਬਾ ਹੈ। ਅਸੀਂ ਜਾਣਦੇ ਹਾਂ ਕਿਉਂਕਿ ਉਹਨਾਂ ਵਿਚੋਂ ਲੱਖਾਂ ਪੰਜਾਬ ਵਿਚ ਰੁਜ਼ਗਾਰ ਦੀ ਭਾਲ ਲਈ ਆਉਂਦੇ ਹਨ। ਉਹ ਪੰਜਾਬ ਦੇ ਕਾਰਖਾਨਿਆਂ ਵਿਚ ਕੰਮ ਕਰਦੇ ਹਨ ਅਤੇ ਖੇਤਾਂ ਵਿਚ ਵੀ ਕੰਮ ਕਰਦੇ ਹਨ ਜੋ ਕਿ ਜਿਆਦਾਤਰ ਸਿੱਖਾਂ ਦੇ ਖੇਤ ਹਨ। ਪਰੰਤੂ ਉਸੇ ਬਿਹਾਰ ਵਿਚ ਤੁਸੀਂ ਨੇਪਾਲੀ ਹਿੰਦੂਆਂ ਨੂੰ ਜਿਉਂਦੇ ਰਹਿਣ ਵਾਸਤੇ ਰੁਜ਼ਗਾਰ ਲਭਦਿਆਂ ਹੋਇਆਂ ਵੇਖ ਸਕਦੇ ਹੋ। ਇਸ ਤੋਂ ਭਾਰਤ ਨੂੰ 'ਹਿੰਦੂ ਰਾਸ਼ਟਰ' ਅਤੇ ਪੰਜਾਬ ਵਿਚ 'ਖਾਲਿਸਤਾਨ' ਬਣਾਉਣਾ ਚਾਹੁੰਣ ਵਾਲਿਆਂ ਨੂੰ ਸਬਕ ਸਿਖਣਾ ਚਾਹੀਦਾ ਹੈ। ਕਿਸੇ ਵੇਲੇ ਰਜਵਾੜਾਸ਼ਾਹੀ ਰਿਆਸਤ ਪਟਿਆਲਾ ਹੁੰਦੀ ਸੀ। ਇਸ ਦਾ ਮਹਾਰਾਜਾ ਸਿਖ ਸੀ। ਇਸ ਕਰਕੇ ਚੋਟੀ ਦੇ ਅਕਾਲੀ ਲੀਡਰ ਇਹਨੂੰ ਸਿਖ ਰਾਜ ਕਹਿੰਦੇ ਸਨ। ਪਰ ਭਾਰਤ ਵਿਚ ਕਿਸੇ ਵੀ ਹੋਰ ਥਾਂ ਨਾਲੋਂ ਵਧੇਰੇ ਸਿਖ ਮੁਜ਼ਾਰ੍ਹਿਆਂ ਅਤੇ ਆਮ ਸਿਖਾਂ ਨੂੰ ਇਸ ਸਿਖ ਮਹਾਰਾਜੇ, ਉਸਦੀ ਪੁਲਿਸ ਅਤੇ ਹੋਰ ਪਿਠੂਆਂ ਦੇ ਹਥੋਂ ਸਭ ਤੋਂ ਵਧ ਦੁਖ ਸਹਾਰਨੇ ਪਏ।

ਭਾਰਤ ਵਿਚ ਕਦੇ ਵੀ "ਹਿਦੂ ਰਾਜ" ਜਾਂ "ਮੁਸਲਿਮ ਰਾਜ" ਜਾਂ "ਸਿਖ ਰਾਜ" ਨਹੀਂ ਰਿਹਾ। ਇਹ ਲਫਜ਼ ਸਾਡੇ ਬਰਤਾਨਵੀ ਹਾਕਮਾਂ ਨੇ ਘੜੇ ਸਨ। ਅਸਲ ਵਿਚ ਸਿਰਫ ਰਾਜੇ ਹੀ ਹਿੰਦੂ, ਮੁਸਲਮਾਨ ਜਾਂ ਸਿਖ ਹੁੰਦੇ ਸਨ। ਹਾਂ. ਰਾਜੇ ਭੈੜੇ ਜਾਂ ਚੰਗੇ ਜ਼ਰੂਰ ਸਨ। ਪਰੰਤੂ ਚੰਗੇ ਰਾਜਿਆਂ ਦੇ ਰਾਜ ਵਿਚ ਵੀ ਉਨ੍ਹਾਂ ਰਾਜਿਆਂ ਦੇ ਆਪਣੇ ਧਰਮਾਂ ਦੇ ਆਮ ਲੋਕ ਵੀ ਦੁਖੀ ਰਹਿੰਦੇ ਸਨ। ਇਸੇ ਤਰ੍ਹਾਂ ਅਕਬਰ ਅਤੇ ਰਣਜੀਤ ਸਿੰਘ ਦੋਹਾਂ ਦੇ ਰਾਜ ਵਿਚ ਵੀ ਸੀ। ਗੁਪਤਿਆਂ ਦੇ "ਸੁਨਹਿਰੀ ਯੁਗ" ਵਿਚ ਵੀ ਇਵੇਂ ਹੀ ਸੀ।

ਅਜੋਕੇ ਸਮਾਜ ਵਿਚ ਧਰਮ ਦੇ ਨਾਂ ਹੇਠ ਚਲਾਏ ਜਾਣ ਵਾਲੇ ਕਿਸੇ ਵੀ ਰਾਜ ਦਾ ਮਾਇਨਾ ਹੋਵੇਗਾ ਆਮ ਲੋਕਾਂ ਲਈ ਮੁਸੀਬਤਾਂ ਤੇ ਦੁਖਾਂ ਦੇ ਅੱਜ ਨਾਲੋਂ ਵਡੇਰੇ ਅੰਬਾਰ। ਇਹੋ ਜਿਹਾ ਰਾਜ ਕਿਸੇ ਖਾਸ ਧਰਮ ਦੇ ਸੁਆਰਥੀ ਹਿਤਾਂ ਵਾਲੇ ਕਿਸੇ ਖਾਸ ਤਬਕੇ ਦਾ ਰਾਜ ਹੋ ਸਕਦਾ ਹੈ ਉਸ ਧਰਮ ਦੇ ਆਮ ਲੋਕਾਂ ਦਾ ਰਾਜ ਨਹੀਂ।

ਸਾਡੇ ਦੇਸ ਬਾਰੇ ਪੁਰਾਣੀਆਂ ਸਾਂਭੀਆਂ ਹੋਈਆਂ ਲਿਖਤਾਂ ਵਿਚੋਂ ਬੜਾ ਕੁਝ ਅਜੇਹਾ ਮਿਲ ਜਾਵੇਗਾ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ "ਮੁਸਲਮਾਨ ਇਕ ਵਖਰੀ ਕੌਮ" ਅਤੇ "ਪਾਕਿਸਤਾਨ" ਦੇ ਨਾਹਰੇ ਵਾਂਗ "ਸਿੱਖ ਇਕ ਵੱਖਰੀ ਕੌਮ" ਅਤੇ "ਖਾਲਿਸਤਾਨ" ਦੇ ਨਾਹਰੇ ਨੂੰ ਸਭ ਤੋਂ ਪਹਿਲਾਂ ਬਰਤਾਨਵੀ ਸਾਮਰਾਜ ਦੇ ਸਿਧਾਂਤਕਾਰਾਂ ਨੇ ਸਾਡੀ ਜੰਗੇ-ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਵਾਸਤੇ ਚੁਕਿਆ ਸੀ ਅਤੇ ਉਤਸ਼ਾਹਿਤ ਕੀਤਾ ਸੀ।

ਸੰਖੇਪ ਵਿਚ "ਖ਼ਾਲਿਸਤਾਨ" ਦੀ ਮੰਗ ਜਿੰਨੀ ਹੀ ਸਿਖ-ਵਿਰੋਧੀ ਹੈ ਜਿੰਨੀ ਭਾਰਤ-ਵਿਰੋਧੀ।

ਪੰਜਾਬ ਵਿਚਲੀ ਦਹਿਸ਼ਤਗਰਦੀ ਪਿਛੇ ਕਾਰਨ

ਜਦੋਂ ਪੰਜਾਬ ਵਿਚ ਦਹਿਸ਼ਤਗਰਦੀ ਦਾ ਦੌਰ ਦੌਰਾ ਅਜੇ ਸ਼ੁਰੂ ਹੀ ਹੋਇਆ ਸੀ ਤਾਂ ਖੱਬੀਆਂ ਪਾਰਟੀਆਂ ਨੂੰ ਆਪਣੇ ਇਸ ਵਿਚਾਰ ਦੀ ਹਿਮਾਇਤ ਵਿਚ ਬਹੁਤ ਬਹਿਸ ਕਰਨੀ ਪੈਂਦੀ ਸੀ ਕਿ ਦਹਿਸ਼ਤਗਰਦੀ ਅਤੇ ਦਹਿਸ਼ਤਗਰਦਾਂ ਪਿਛੇ ਸਾਮਰਾਜ ਦਾ ਹਥ ਕੰਮ ਕਰ ਰਿਹਾ ਹੈ। ਸਾਮਰਾਜ ਆਪਣੇ ਦੇਸ਼ ਤੋਂ ਤਾਂ ਇਸ ਸਾਜ਼ਸ਼ ਨੂੰ ਚਲਾ ਹੀ ਰਿਹਾ ਹੈ ਪਰੰਤੂ ਮੁਖ ਤੌਰ ਤੇ ਪਾਕਿਸਤਾਨ ਦੇ ਹਾਕਮਾਂ ਦੇ ਜ਼ਰੀਏ ਇਹ ਕੰਮ ਕਰ ਰਿਹਾ ਹੈ ਜਿਸ ਦੀ ਪੰਜਾਬ ਅਤੇ ਇਸ ਦੇ ਗੁਆਂਢੀ ਹੋਰ ਰਾਜਾਂ ਨਾਲ ਲੰਮੀ ਹੱਦ ਲਗਦੀ ਹੈ। ਅੱਜ ਉਨ੍ਹਾਂ ਤੋਂ ਬਿਨਾਂ ਇਸ ਬਾਹਰੀ ਕਾਰਨ ਨੂੰ ਸਾਰੇ ਹੀ ਮੰਨਦੇ ਹਨ ਜਿਹੜੇ ਜਾਣ ਬੁਝ ਕੇ ਇਹਨੂੰ ਵੇਖਣਾ ਹੀ ਨਹੀਂ ਚਾਹੁੰਦੇ ਜਾਂ ਇਸ ਨੂੰ ਨਾ ਮੰਨਣ ਵਿਚ ਦਿਲਚਸਪੀ ਰਖਦੇ ਹਨ। ਹੁਣ ਤਕ ਇਸ ਬਾਹਰੀ ਕਾਰਨ ਦੇ ਬਹੁਤ ਜ਼ਿਆਦਾ ਸਬੂਤ ਸਾਹਮਣੇ ਆ ਚੁੱਕੇ ਹਨ ਅਤੇ ਸਭ ਨੂੰ ਪਤਾ ਹਨ।

ਸਾਡੀ ਸਰਕਾਰ ਵਲੋਂ ਬਹੁ ਕੌਮੀ ਕੰਪਨੀਆਂ ਨੂੰ ਦਿਤੀਆਂ ਗਈਆਂ ਸਾਰੀਆਂ ਰਿਆਇਤਾਂ ਦੇ ਬਾਵਜੂਦ ਸਾਮਰਾਜ ਅੰਤਰਰਾਸ਼ਟਰੀ ਖੇਤਰ ਵਿਚ ਭਾਰਤ ਦੇ ਸਾਮਰਾਜ-ਵਿਰੋਧੀ ਰੋਲ ਅਤੇ ਇਸ ਦੇ ਨਵ-ਬਸਤੀਵਾਦੀ ਦੇਸ਼ ਬਣਨ ਤੋਂ ਇਨਕਾਰੀ ਹੋਣ ਨੂੰ ਪਸੰਦ ਨਹੀਂ ਕਰਦਾ। ਇਸ ਕਰਕੇ ਸਾਮਰਾਜ ਭਾਰਤ ਨੂੰ ਨਾ ਸਿਰਫ ਕਮਜ਼ੋਰ ਅਤੇ ਅਸਥਿਰ ਹੀ ਕਰਨਾ ਚਾਹੁੰਦਾ ਹੈ ਸਗੋਂ ਇਸਦੇ ਟੁਕੜੇ-ਟੁਕੜੇ ਵੀ ਕਰ ਸੁਟਣਾ ਚਾਹੁੰਦਾ ਹੈ ਅਤੇ ਇਸ ਟੁਕੜੇ-ਟੁਕੜੇ ਹੋਏ ਦੇਸ਼ ਦੇ ਵਖ ਵਖ ਟੁਕੜਿਆਂ ਨੂੰ ਇਕ ਦੂਜੇ ਦੇ ਖਿਲਾਫ ਕਰ ਦੇਣਾ ਚਾਹੁੰਦਾ ਹੈ। ਇਸੇ ਮਨੋਰਥ ਦੀ ਸਿਧੀ ਵਾਸਤੇ ਇਹ "ਖਾਲਿਸਤਾਨ", "ਕਸ਼ਮੀਰ ਵਿਚ ਇਕ ਹੋਰ ਪਾਕਿਸਤਾਨ" ਅਤੇ ਭਾਰਤ ਵਿਚ "ਹਿੰਦੂ ਰਾਜ" ਜਿਹੇ ਨਾਹਰਿਆਂ ਦੀ ਇਕੋ ਹੀ ਸਮੇਂ ਹੌਸਲਾ ਅਫਜ਼ਾਈ ਕਰਦਾ ਹੈ ਅਤੇ ਉਹਨਾਂ ਦੀ ਮਦਦ ਕਰਦਾ ਹੈ। ਅਜੇ ਬਾਹਲਾ ਚਿਰ ਨਹੀਂ ਹੋਇਆ ਜਦੋਂ ਸੰਯੁਕਤ ਰਾਜ ਅਮਰੀਕਾ (ਸੰ. ਰਾ. ਅ.) ਵਿਚ ਹਿੰਦੂ ਵਿਸ਼ਵ-ਪ੍ਰੀਸ਼ਦ ਨੇ ਇਕ ਵਿਸ਼ਵ ਸੰਮੇਲਨ ਕੀਤਾ ਸੀ ਅਤੇ ਸੰਮੇਲਨ ਵਿਚ ਇਹ ਮੰਗ ਕੀਤੀ ਗਈ ਸੀ ਕਿ ਭਾਰਤ ਵਿਚ "ਹਿੰਦੂ ਰਾਜ" ਹੋਵੇ। ਇਸ ਸਮਲਨ ਦੀ ਉਸ ਦੇਸ਼ ਦੀਆਂ ਹਾਕਮ ਜਮਾਤਾਂ ਦੇ ਕੁਝ ਬੰਦਿਆਂ ਨੇ ਸਰਪ੍ਰਸਤੀ ਕੀਤੀ ਸੀ ਅਤੇ ਇਸ ਵਿਚ ਉਹ ਸ਼ਾਮਲ ਵੀ ਹੋਏ ਸਨ।

ਇਸੇ ਮਨੋਰਥ ਲਈ ਹੀ ਅਮਰੀਕੀ ਸਾਮਰਾਜ ਸ਼ੁਰੂ ਤੋਂ ਹੀ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਮਦਦ ਕਰਦਾ ਰਿਹਾ ਹੈ। ਇਹ ਮਦਦ ਉਹ ਮੁਖ ਤੌਰ ਤੇ ਅਤੇ ਸਿਰਫ ਪਾਕਿਸਤਾਨੀ ਹਾਕਮਾਂ ਦੇ ਜ਼ਰੀਏ ਹੀ ਨਹੀਂ ਕਰਦਾ ਰਿਹਾ। ਇਸ ਅਸਲੀਅਤ ਦੇ ਬਾਵਜੂਦ ਕਿ ਪਾਕਿਸਤਾਨ ਦਾ ਫੌਜੀ ਤਾਨਾਸ਼ਾਹ ਜ਼ਿਆ ਅਮਰੀਕਾ ਦਾ ਪਿਠੂ ਸੀ ਪਾਕਿਸਤਾਨੀ ਹਾਕਮਾਂ ਦੇ ਆਪਣੇ ਹਿਤ ਵੀ ਸਨ। ਉਨ੍ਹਾਂ ਇਰਾਦਿਆਂ ਨੂੰ ਵੇਖ ਸਕਣਾ ਔਖਾ ਨਹੀਂ। ਜੇ ਸੰਕਟ ਦੇ ਕਿਸੇ ਸਮੇਂ (ਮੰਨ ਲਓ ਇਕ ਹੋਰ ਭਾਰਤ-ਪਾਕਿ ਲੜਾਈ ਲੱਗ ਜਾਵੇ) ਉਹ (ਪਾਕਿਸਤਾਨ

ਨਾਲ ਲਗਦੇ) ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਕੁਝ ਹਿਸਿਆਂ ਉਤੇ ਕਬਜ਼ਾ ਕਰ ਲੈਂਦੇ ਹਨ ਤਾਂ ਕਸ਼ਮੀਰ ਭਾਰਤ ਤੋਂ ਅਸਲੋਂ ਹੀ ਅਲੱਗ ਹੋ ਜਾਵੇਗਾ। ਇਹ ਉਹਨਾਂ ਦਾ ਅਸਲ ਵਿਚ ਅਮਲੀ ਮਨੋਰਥ ਹੈ। "ਖਾਲਿਸਤਾਨ" ਦੇ ਨਾਹਰੇ ਨੂੰ ਹੱਲਾ ਸ਼ੇਰੀ ਦੇਣ ਪਿਛੇ ਵੀ ਇਹੀ ਮਨੋਰਥ ਕੰਮ ਕਰਦਾ ਹੈ ਭਾਵੇਂ ਉਹ ਆਪਣੀਆਂ ਉਰਦੂ ਦੀਆਂ ਲਿਖਤਾਂ ਵਿਚ ਸਿਖ ਵਿਰੋਧੀ ਪ੍ਰਚਾਰ ਹੀ ਕਰਦੇ ਹਨ। ਜਿਹੜਾ ਦਾਮ ਖਰਚਦਾ ਹੈ ਉਸੇ ਦੀ ਮਰਜ਼ੀ ਚਲਦੀ ਹੈ। ਇਕ ਕਾਰਨ ਇਹ ਵੀ ਹੈ ਕਿ ਕਿਉਂ ਦਹਿਸ਼ਤਗਰਦ ਸ਼ੁਰੂ ਤੋਂ ਹੀ ਸਿਰਫ ਇਹਨਾਂ ਦੋਹਾਂ ਜ਼ਿਲ੍ਹਿਆਂ ਉਤੇ ਮੁਖ ਧਿਆਨ ਦੇ ਰਹੇ ਹਨ ਭਾਵੇਂ ਪੰਜਾਬ ਦੇ ਬਾਕੀ ਹਿਸਿਆਂ ਵਿਚ ਅਤੇ ਪੰਜਾਬੋਂ ਬਾਹਰ ਵੀ ਆਪਣੀ ਕਾਰਵਾਈ ਕਰਨ ਦੀ ਸਮਰਥਾ ਨੂੰ ਵਧਾ ਰਹੇ ਹਨ।

ਪੰਜਾਬ ਅੰਦਰ ਫੈਲੀ ਦਹਿਸ਼ਤਗਰਦੀ ਨੂੰ ਸਿਰਫ ਬਾਹਰੀ ਕਾਰਨਾਂ ਦੇ ਆਧਾਰ ਉਤੇ ਹੀ ਨਹੀਂ ਸਮਝਿਆ ਜਾ ਸਕਦਾ ਪੰਜਾਬ ਦੀ ਇਸ ਸੰਜੀਦਾ ਹਾਲਤ ਪਿਛੇ ਅੰਦਰੂਨੀ ਕਾਰਨ ਵੀ ਹਨ।

ਅੰਦਰੂਨੀ ਤਾਕਤਾਂ ਅਤੇ ਕਾਰਨ

ਪੰਜਾਬ ਵਿਚ ਹੋਣ ਵਾਲੇ ਹਰੇ ਇਨਕਲਾਬ ਤੋਂ ਸਭ ਤੋਂ ਵਧ ਲਾਭ ਲੈਣ ਵਾਲੀ ਪੂੰਜੀਪਤੀ ਜ਼ਿਮੀਦਾਰ ਜਮਾਤ ਅਤੇ ਅਮੀਰ ਕਿਸਾਨੀ ਦਾ ਉਪਰਲਾ ਹਿੱਸਾ ਸੀ। ਪੰਜਾਬ ਦੀ ਆਰਥਕਤਾ ਵਿਚ ਉਹ ਭਾਰੂ ਹਨ। ਉਹ ਰਾਜਨੀਤਕ ਤੌਰ ਤੇ ਵੀ ਭਾਰੂ ਹੋਣਾ ਚਾਹੁੰਦੇ ਹਨ। ਉਹਨਾਂ ਦੇ ਆਪਣੇ ਹਿੱਤ, ਖਾਹਸ਼ਾਂ ਅਤੇ ਸਮਸਿਆਵਾਂ ਹਨ। ਵੱਡੇ ਸਨਅਤਕਾਰਾਂ ਵਾਂਗ ਉਹ ਵੀ ਵਧ ਤੋਂ ਵਧ ਮੁਨਾਫਾ ਕਮਾਉਣਾ ਚਾਹੁੰਦੇ ਹਨ। ਅਸਲ ਵਿਚ ਖੇਤੀ ਵਿਚੋਂ ਆਮਦਨ ਘਟਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦੇ ਹਿੱਤ ਸਨਅਤੀ ਸਰਮਾਏਦਾਰੀ ਨਾਲ ਵੀ ਟਕਰਾਉਂਦੇ ਹਨ ਜੋ ਭੀ ਸਸਤਾ ਕੱਚਾ ਮਾਲ ਚਾਹੁੰਦੀ ਹੈ। ਉਹ ਖੇਤੀ ਤੋਂ ਇਲਾਵਾ ਹੋਰ ਨਵੀਆਂ ਥਾਵਾਂ ਤੇ ਪੈਸਾ ਲਾਉਣਾ ਚਾਹੁੰਦੇ ਹਨ। ਪੰਜਾਬ ਵਿਚ ਸਨਅੱਤ ਦੇ ਵਿਕਾਸ ਲਈ ਸਹੀ ਸਮੇਂ ਉਤੇ ਮੁਨਾਸਬ ਧਿਆਨ ਨਹੀਂ ਦਿਤਾ ਗਿਆ। ਖੇਤੀ ਉਤੇ ਆਧਾਰਤ ਸਨਅਤਾਂ ਦੇ ਵਿਕਾਸ ਉਤੇ ਵੀ ਲੋੜੀਂਦਾ ਧਿਆਨ ਸਮੇਂ ਸਿਰ ਨਹੀਂ ਦਿਤਾ ਗਿਆ। ਪੰਜਾਬ ਦੀ ਪੇਂਡੂ ਸਰਮਾਏਦਾਰੀ ਦੇ ਨੁਮਾਇੰਦੇ ਜੇ ਪੰਜਾਬ ਵਿਚ ਵਧੇਰੇ ਸਨਅਤ ਲਗਾਉਣ ਅਤੇ ਰਾਜਾਂ ਲਈ ਵਧੇਰੇ ਹੱਕਾਂ ਦੀ ਮੰਗ ਕਰਦੇ ਹਨ ਤਾਂ ਅਗਾਂਹ ਵਧੂ ਸ਼ਕਤੀਆਂ ਉਨ੍ਹਾਂ ਦੀ ਇਸ ਮੰਗ ਦੀ ਤੁਰੰਤ ਹਮਾਇਤ ਕਰਨਗੀਆਂ। ਅਸਲ ਵਿਚ ਉਹ ਇਸ ਤੋਂ ਕਿਤੇ ਅਗਾਂਹ ਚਲੇ ਜਾਂਦੇ ਹਨ। ਜਦੋਂ ਉਹ ਦਰਮਿਆਨੇ ਅਤੇ ਗਰੀਬ ਕਿਸਾਨਾਂ ਨੂੰ ਆਪਣੇ ਪਿਛੇ ਲਾਉਣ ਲਈ ਲਾਹੇਵੰਦ ਭਾਅ ਲੈਣ ਦੀ ਗਲ ਕਰਦੇ ਹਨ ਤਾਂ ਅਸਲ ਵਿਚ ਉਹ ਖੁਦ ਲਈ ਮੁਨਾਫਾਖੋਰੀ ਵਾਲੇ ਭਾਵਾਂ ਦੀ ਮੰਗ ਕਰ ਰਹੇ ਹੁੰਦੇ ਹਨ। ਇਹ ਠੀਕ ਹੈ ਕਿ ਲਾਹੇਵੰਦੇ ਭਾਅ ਕਿਸੇ ਕਿਸਾਨ ਨੂੰ ਵੀ ਨਹੀਂ ਮਿਲਦੇ। ਅਸਲ ਵਿਚ ਉਹ ਆਪਣੀਆਂ ਖੇਤੀ ਜਿਨਸਾਂ ਨੂੰ ਕੌਮਾਂਤਰੀ ਮੰਡੀ ਵਿਚ ਕਿਤੇ ਵੀ ਵੇਚਣ ਦਾ ਹੱਕ ਮੰਗਦੇ ਹਨ। ਭਾਵੇਂ ਇੰਜ ਕਰਨ ਨਾਲ ਪੰਜਾਬ ਸਮੇਤ ਭਾਰਤ ਦੇ ਆਮ ਲੋਕਾਂ ਅਤੇ ਭਾਰਤੀ

ਆਰਥਕਤਾ ਉਤੇ ਕੋਈ ਵੀ ਮਾੜਾ ਅਸਰ ਕਿਉਂ ਨਾ ਹੁੰਦਾ ਹੋਵੇ। ਉਹ ਰਾਜਾਂ ਲਈ ਵਧੇਰੇ ਹੱਕਾਂ ਦਾ ਨਾਅਰਾ ਲਾਉਂਦੇ ਹਨ ਪਰੰਤੂ ਅਸਲ ਵਿਚ ਕੇਂਦਰ ਨੂੰ ਕਿਸੇ ਕਥਾ ਜਿਹਾ ਕੋਈ ਖਿਆਲ ਹੀ ਬਣਾ ਦੇਣਾ ਚਾਹੁੰਦੇ ਹਨ। ਅਸਲੀਅਤ ਤਾਂ ਇਹ ਹੈ ਕਿ ਉਹ ਭਾਰਤ ਦੀ ਇਕ ਸਾਂਝੀ ਆਰਥਕਤਾ ਰਖਣ ਤੋਂ ਹੀ ਇਨਕਾਰੀ ਹਨ। ਉਹ ਪੰਜਾਬ ਉਤੇ ਰਾਜ ਕਰਨਾ ਚਾਹੁੰਦੇ ਹਨ। ਹਾਲਤ ਇਹ ਹੈ ਕਿ ਪੰਜਾਬ ਦੇ ਭੂਮੀਪਤੀਆਂ ਅਤੇ ਕੁਲਕਾਂ ਦੀ ਭਾਰੀ ਬਹੁ-ਗਿਣਤੀ ਧਰਮ ਵਜੋਂ ਸਿੱਖ ਹੈ ਅਤੇ ਇਸੇ ਤਰ੍ਹਾਂ ਹੀ ਮਿਹਨਤੀ ਕਿਸਾਨੀ ਵੀ ਹੈ। ਤਕੜਾ ਜਨਤਕ ਆਧਾਰ ਅਤੇ ਤਾਕਤ ਹਾਸਲ ਕਰਨ ਲਈ ਉਹ ਆਪਣੀਆਂ ਜਮਾਤੀ ਮੰਗਾ ਨੂੰ "ਸਿੱਖ ਮੰਗਾਂ" ਦੇ ਬੁਰਕੇ ਵਿਚ ਪੇਸ਼ ਕਰਦੇ ਹਨ। ਉਹ ਧਰਮ ਦੀ ਦੁਰਵਰਤੋਂ ਕਰਦੇ ਹਨ ਅਤੇ ਧਾਰਮਕਤਾ ਤੇ ਧਾਰਮਕ ਕੱਟੜਤਾ ਦਾ ਸਹਾਰਾ ਲੈਂਦੇ ਹਨ।

ਅਕਾਲੀ ਆਗੂ ਇਨ੍ਹਾਂ ਸੁਆਰਥੀ ਹਿੱਤਾਂ ਦੀ ਅਗਵਾਈ ਕਰਦੇ ਹਨ। ਅਕਾਲੀ ਪਾਰਟੀ ਦਾ ਆਨੰਦਪੁਰ ਸਾਹਿਬ ਦਾ ਮਤਾ ਉਨ੍ਹਾਂ ਦੀਆਂ ਮੰਗਾਂ ਅਤੇ ਖਾਹਸ਼ਾਂ ਨੂੰ ਹੀ ਪੇਸ਼ ਕਰਦਾ ਹੈ। ਇਸ ਵਿਚ ਵੋਟ ਖਿਚਣ ਵਾਲੇ ਕੁਝ ਲੋਕ ਭਰਮਾਊ ਨਾਹਰੇ ਵੀ ਹਨ ਪਰੰਤੂ ਇਸਦਾ ਸਾਰ ਤੱਤ ਸਪਸ਼ਟ ਅਤੇ ਦੋਹਰਾ ਹੈ।

ਪਹਿਲਾ ਇਹ ਕਿ ਇਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਪੰਜਾਬ ਸਿਖ ਧਰਮ ਉਤੇ ਆਧਾਰਤ ਇਕ ਰਾਜ ਹੋਵੇ ਯਾਨੀ ਇਸ ਉਤੇ ਸਵਾਰਥੀ ਹਿੱਤਾਂ ਵਾਲੇ ਸਿਖਾਂ ਦਾ ਰਾਜ ਚਲਦਾ ਹੋਵੇ। ਦੂਜਾ ਇਹ ਕਿ ਵਿਦੇਸ਼ੀ ਮਾਮਲਿਆਂ, ਸੁਰੱਖਿਆ, ਸੰਚਾਰ ਦੇ ਸਾਧਨਾਂ ਅਤੇ ਕਰੰਸੀ ਦੇ ਚਾਰ ਵਿਭਾਗ ਛੱਡ ਕੇ ਬਾਕੀ ਸਾਰੇ ਅਧਿਕਾਰ ਸਿੱਖ ਧਰਮ ਉਤੇ ਆਧਾਰਤ ਇਸ ਰਾਜ ਕੋਲ ਹੋਣ। ਦੂਜੇ ਲਫ਼ਜ਼ਾਂ ਵਿਚ ਭਾਰਤ ਦੀ ਕੋਈ ਸਾਂਝੀ ਆਰਥਕਤਾ ਨਹੀਂ ਹੋਣੀ ਚਾਹੀਦੀ। ਕੇਂਦਰ ਕੋਲ ਸੰਸਦ ਵਿਚ ਇਸ ਦੀ ਨੁਮਾਇੰਦਗੀ ਦੇ ਅਨੁਪਾਤ ਵਿਚ ਵੀ ਤਾਕਤਾਂ ਨਹੀਂ ਹੋਣਗੀਆਂ। ਕੇਂਦਰ ਵਿਚ ਰਾਜ ਕਰਦੀ ਹਾਕਮ ਜਮਾਤ ਨੇ ਰਾਜਾਂ ਨੂੰ ਨਗਰਪਾਲਿਕਾਵਾਂ ਜਿਹਾ ਬਣਾ ਦਿਤਾ ਹੈ। ਨਰਮਪੰਥੀਆਂ ਸਮੇਤ ਸਾਰੇ ਅਕਾਲੀ ਚਾਹੁੰਦੇ ਹਨ ਕਿ ਕੇਂਦਰ ਇਕ ਮਿਥਿਆ ਚੀਜ਼ ਬਣ ਜਾਵੇ। ਉਹ ਕਮਜ਼ੋਰ ਕੇਂਦਰ ਵਾਲੇ ਭਾਰਤ ਵਿਚ ਇਕ ਤਰ੍ਹਾਂ ਨਾਲ ਖਾਲਿਸਤਾਨ ਹੀ ਚਾਹੁੰਦੇ ਹਨ।

ਜੇ ਇਹ ਮੰਗਾਂ ਮੰਨ ਲਈਆਂ ਜਾਣ ਤਾਂ ਇਸ ਨਾਲ ਭਾਰਤ ਦੀ ਇਕ ਵਾਰ ਹੋਰ ਵੰਡ ਹੋ ਜਾਣ ਲਈ ਪੜੁੱਲ ਤਿਆਰ ਹੋ ਜਾਵੇਗਾ। ਵੈਸੇ ਵੀ ਇਹ ਦੇਸ ਲਈ ਤਬਾਹਕੁਨ ਹੋਵੇਗਾ। ਇਸ ਨਾਲ ਭਾਰਤ ਦੇ ਅੰਦਰ ਬਾਕੀ ਹਿਸਿਆ 'ਚ ਵੀ ਧਰਮ ਉਤੇ ਆਧਾਰਤ ਰਾਜਾਂ ਦੀ ਮੰਗ ਤਕੜੀ ਹੋ ਜਾਵੇਗੀ ਅਤੇ ਉਹ ਵੀ ਤਕੜੇ ਹੋਣਗੇ ਜਿਹੜੇ ਭਾਰਤ ਨੂੰ ਇਕ ਹਿੰਦੂ ਫਾਸ਼ੀ ਰਾਜ ਬਣਾਉਣਾ ਚਾਹੁੰਦੇ ਹਨ। ਅਕਾਲੀਦਲ ਦੇ ਆਨੰਦਪੁਰ ਸਾਹਿਬ ਦੇ ਮਤੇ, "ਸਿੱਖ ਇਕ ਵਖਰੀ ਕੌਮ ਹੈ" ਵਾਲੇ ਅਕਾਲੀਆਂ ਦੇ ਮਤੇ, ਸਿਖਾਂ ਦੇ ਦੂਜੇ ਦਰਜੇ ਦੇ ਸ਼ਹਿਰੀ ਹੋਣ ਬਾਰੇ ਉਨ੍ਹਾਂ ਦੇ ਝੂਠ ਪ੍ਰਚਾਰ ਵਗੈਰਾ ਨੇ ਦਹਿਸ਼ਤਗਰਦਾਂ ਨੂੰ ਬਹੁਤ ਸਾਰੀ ਮਦਦ ਕੀਤੀ ਹੈ। ਪੰਜਾਬ ਦੀ ਠੋਸ ਹਾਲਤ ਵਿਚ ਇਹ ਹੈਰਾਨੀ ਵਾਲੀ ਗਲ ਨਹੀਂ ਕਿ ਭੂਮੀਪਤੀਆਂ ਦੇ ਕੁਝ ਹਿੱਸੇ ਇਕ ਕਦਮ ਹੋਰ ਅਗਾਂਹ ਗਏ ਹਨ ਅਤੇ ਖਾਲਿਸਤਾਨ ਦੇ ਨਾਲ ਨਾਲ

ਦਹਿਸ਼ਤਗਰਦੀ ਦੇ ਵੀ ਹਮਾਇਤੀ ਬਣ ਗਏ ਹਨ। ਕੁਝ ਅਕਾਲੀ ਆਗੂਆਂ ਨੇ ਵੀ ਇਹੀ ਰਾਹ ਫੜ ਲਿਆ ਹੈ। ਕੁਝ ਅਜੇਹੇ ਵੀ ਹਨ ਜਿਨ੍ਹਾਂ ਦੇ ਹਿੱਤ ਸਾਰੇ ਭਾਰਤ ਵਿਚ ਹਨ। ਇਹ ਨਰਮਪੰਥੀ ਕਹੇ ਜਾਂਦੇ ਹਨ ਅਤੇ ਇਹ ਅਸਲ ਵਿਚ ਹੀ ਦੇਸ ਦੀ ਏਕਤਾ ਲਈ ਖਲੋਂਦੇ ਹਨ। ਜੇ ਉਹ ਕੋਈ ਵੀ ਸਾਰਥਕ ਰੋਲ ਨਿਭਾਉਂਦੇ ਹਨ ਤਾਂ ਉਸਦਾ ਲਾਜ਼ਮੀ ਤੌਰ ਤੇ ਸੁਆਗਤ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਦੁਖਾਂਤ ਉਨ੍ਹਾਂ ਦੇ ਫਿਰਕੂ ਨਜ਼ਰੀਏ, ਆਨੰਦਪੁਰ ਸਾਹਿਬ ਦੇ ਮਤੇ ਨਾਲ ਉਨ੍ਹਾਂ ਦਾ ਪੱਕੀ ਤਰ੍ਹਾਂ ਜੁੜੇ ਹੋਣ ਵਿਚ ਹੈ ਅਤੇ ਉਹ ਵੱਖਵਾਦੀ ਦਹਿਸ਼ਤਗਰਦਾਂ ਨਾਲ ਉਨ੍ਹਾਂ ਦੇ ਹੀ ਪੈਂਤੜੇ ਤੋਂ ਅਤੇ ਉਨ੍ਹਾਂ ਨੂੰ ਖੁਸ਼ ਕਰਕੇ ਲੜਨਾ ਚਾਹੁੰਦੇ ਹਨ ਜਿਸ ਦਾ ਅਸਰ ਉਲਟਾ ਹੁੰਦਾ ਹੈ।

ਪੰਜਾਬ ਵਿਚ ਦਹਿਸ਼ਤਗਰਦਾਂ ਦੀ ਮਦਦ ਕਰਨ ਵਾਲਾ ਇਕ ਹੋਰ ਅੰਦਰੂਨੀ ਕਾਰਨ ਹਿੰਦੂ ਫਿਰਕਾਪ੍ਰਸਤੀ, ਦਹਿਸ਼ਤਗਰਦਾਂ ਦੇ ਜੁਰਮਾਂ ਲਈ ਸਾਰੇ ਸਿਖਾਂ ਨੂੰ ਜਿੰਮੇਵਾਰ ਠਹਿਰਾਉਣ ਦਾ ਉਨ੍ਹਾਂ ਦਾ ਬੇਬੁਨਿਆਦ ਵਿਚਾਰ ਅਤੇ ਨਿਰਦੋਸ਼ ਸਿੱਖਾਂ ਤੋਂ "ਬਦਲਾ" ਲੈਣਾ ਅਤੇ "ਮੋੜਵਾਂ ਜਵਾਬ" ਦੇਣ ਦਾ ਉਨ੍ਹਾਂ ਦਾ ਨਾਹਰਾ ਹੈ। ਹਿੰਦੂ ਫਿਰਕਾਪ੍ਰਸਤ ਜਥੇਬੰਦੀਆਂ ਦੇ ਵਪਾਰੀਆਂ ਜਿਹੇ ਸਵਾਰਥੀ ਹਿੱਤਾਂ ਵਾਲੇ ਹਿੰਦੂਆਂ ਨਾਲ ਸਬੰਧ ਹਨ ਜਿਹੜੇ ਸਵਾਰਥੀ ਹਿੱਤਾਂ ਵਾਲੇ ਸਿੱਖਾਂ ਤੋਂ ਖਤਰਾ ਮਹਿਸੂਸ ਕਰਦੇ ਹਨ। ਰਾਸ਼ਟਰੀ ਸਵੈਮ ਸੇਵਕ ਸੰਘ ਵਲੋਂ ਚੁਕਿਆ ਜਾਂਦਾ "ਹਿੰਦੂ ਰਾਸ਼ਟਰ" ਦਾ ਨਾਹਰਾ ਅਤੇ ਇਸਦੀ ਇਹ ਲਾਈਨ ਕਿ ਸਿਰਫ ਹਿੰਦੂ ਹੀ ਭਾਰਤ ਦੀ ਏਕਤਾ ਦੀ ਰਾਖੀ ਕਰ ਸਕਦੇ ਹਨ ਦਹਿਸ਼ਤਗਰਦਾਂ ਦੀ ਮਦਦ ਕਰਦੇ ਹਨ। ਸਿੱਖ ਕੋਈ ਇਕਸਾਰ ਆਰਥਕ ਭਾਈਚਾਰਾ ਨਹੀਂ। ਇਕ ਧਰਮ ਹੋਣ ਦੇ ਬਾਵਜੂਦ ਸਿੱਖ ਭੂਮੀਪਤੀਆਂ ਅਤੇ ਸਿਖ ਮੁਜ਼ਾਰਿਆਂ ਤੇ ਖੇਤ ਮਜ਼ਦੂਰਾਂ ਦੇ ਹਿੱਤ ਆਪਸ ਵਿਚ ਟਕਰਾਉਂਦੇ ਹਨ। ਇਸੇ ਤਰ੍ਹਾਂ ਹੀ ਸਿਖ ਮਜ਼ਦੂਰਾਂ ਅਤੇ ਸਿੱਖ ਸਨਅਤਕਾਰਾਂ ਦੇ ਹਿੱਤ ਆਪਸ ਵਿਚ ਟਕਰਾਵੇਂ ਹਨ। ਇਹਦੇ ਨਾਲ ਹੀ ਸਿੱਖ ਮਜ਼ਦੂਰਾਂ, ਸਿੱਖ ਖੇਤ ਮਜ਼ਦੂਰਾਂ, ਗਰੀਬ ਤੇ ਦਰਮਿਆਨੇ ਸਿੱਖ ਕਿਸਾਨਾਂ ਵਗੈਰਾ ਦੇ ਹਿੱਤ ਬਾਕੀ ਧਰਮਾਂ ਦੇ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਸਾਂਝੇ ਹਨ। ਦੂਜੇ ਸ਼ਬਦਾਂ ਵਿਚ, ਇਸ ਵੇਲੇ ਸਿੱਖਾਂ ਦੀ ਕੋਈ ਸੁਤੰਤਰ ਰਾਜਨੀਤਕ ਜਾਂ ਆਰਥਕ ਹੋਂਦ ਨਹੀਂ। ਪਰੰਤੂ ਉਨ੍ਹਾਂ ਦੀ ਵਖਰੀ ਧਾਰਮਕ ਹੋਂਦ ਜ਼ਰੂਰ ਹੈ। ਨਿਰਸੰਦੇਹ ਸਿੱਖ ਧਰਮ ਦਾ ਉਦੈ ਭਾਰਤੀ ਜ਼ਮੀਨ ਤੇ ਹੋਇਆ ਹੈ। ਸਾਰੇ ਧਰਮਾਂ ਦਾ ਆਪਸ ਵਿਚ ਕੁਝ ਨਾ ਕੁਝ ਜ਼ਰੂਰ ਸਾਂਝਾ ਹੈ ਪਰੰਤੂ ਸਿੱਖ ਅਤੇ ਹਿੰਦੂ ਧਰਮਾਂ ਦਾ ਆਪਸ ਵਿਚ ਏਨਾ ਜ਼ਿਆਦਾ ਕੁਝ ਸਾਂਝਾ ਹੈ ਕਿ ਬਾਕੀ ਧਰਮਾਂ ਵਿਚੋਂ ਕਿਸੇ ਵੀ ਦੋ ਧਰਮਾਂ ਦਾ ਆਪਸ ਵਿਚ ਏਨਾ ਕੁਝ ਸਾਂਝਾ ਨਹੀਂ। ਇਸਦਾ ਮਤਲਬ ਇਹ ਨਹੀਂ ਕਿ ਸਿੱਖ ਧਰਮ ਇਕ ਸੁਤੰਤਰ ਧਰਮ ਨਹੀਂ। ਯਕੀਨਨ ਇਹ ਲੰਮੇਂ ਸਮੇਂ ਤੋਂ ਇਕ ਸੁਤੰਤਰ ਧਰਮ ਬਣ ਚੁਕਾ ਹੈ ਅਤੇ ਭਾਰਤੀ ਸੰਵਿਧਾਨ ਨੇ ਇਸ ਨੂੰ ਇੰਜ ਹੀ ਪ੍ਰਵਾਨ ਕੀਤਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਇਸ ਹਕੀਕਤ ਤੋਂ ਇਨਕਾਰ ਕਰਦਾ ਹੈ ਅਤੇ ਇਸ ਗਲ ਉਤੇ ਜ਼ੋਰ ਦਿੰਦਾ ਹੈ ਕਿ "ਸਿੱਖ ਹਿੰਦੂ ਹਨ" ਵਗੈਰਾ ਵਗੈਰਾ। ਇਸ ਨਾਲ ਵੱਖਵਾਦੀਆਂ ਨੂੰ ਇਹ ਦਲੀਲ ਦੇਣ ਵਿਚ ਮਦਦ ਮਿਲਦੀ ਹੈ ਕਿ ਜੇ ਖਾਲਿਸਤਾਨ ਨਾ

ਬਣਾਇਆ ਗਿਆ ਤਾਂ ਹਿੰਦੂ ਧਰਮ ਸਿਖ ਧਰਮ ਨੂੰ ਆਪਣੇ ਵਿਚ ਜਜ਼ਬ ਕਰ ਲਵੇਗਾ ।

ਏਸ਼ੀਅਡ ਖੇਡਾਂ ਵਿਚ ਵਿਘਨ ਪਾਉਣ ਦੇ ਅਤਿਅੰਤ ਗਲਤ ਡਰਾਵੇ ਨੂੰ ਨਾ ਕਾਮਯਾਬ ਕਰਨ ਦੇ ਨਾਂ ਉਤੇ ਭਜਨ ਲਾਲ (ਹਰਿਆਣੇ ਦੇ ਉਸ ਵੇਲੇ ਦੇ ਮੁਖਮੰਤਰੀ) ਵਲੋਂ ਬਸਾਂ, ਕਾਰਾਂ ਆਦਿ ਵਿਚ ਸਫਰ ਕਰਦੇ ਸਿੱਖ ਮੁਸਾਫ਼ਰਾਂ ਦੀ ਹੇਠੀ ਕਰਕੇ ਅਤੇ ਉਨ੍ਹਾਂ ਨੂੰ ਪਰੇਸ਼ਾਨ ਕਰਕੇ ਸਿੱਖਾਂ ਨੂੰ ਸਬਕ ਸਿਖਾਉਣ ਦੀ ਲਾਈਨ ਨੇ ਭਿੰਡਰਾਂਵਾਲੇ ਦੀ ਬਹੁਤ ਭਾਰੀ ਮਦਦ ਕੀਤੀ ।

ਸਿੱਖ ਆਰਥਕ ਤੌਰ ਤੇ ਭਾਰਤ ਵਿਚ ਸ਼ਾਇਦ ਸਭ ਤੋਂ ਵਧ ਖ਼ੁਸ਼ਹਾਲ ਹਨ । ਆਬਾਦੀ ਦੇ ਅਨੁਪਾਤ ਵਿਚ ਸੁਰੱਖਿਆ ਅਤੇ ਸਿਵਲ ਸੇਵਾਵਾਂ ਵਿਚ ਉਨ੍ਹਾਂ ਦਾ ਹਿੱਸਾ ਕਿਤੇ ਜ਼ਿਆਦਾ ਹੈ । 1947 ਵਿਚ ਇਕ ਲੱਖ ਸਿੱਖਾਂ ਪਿੱਛੇ ਜਿੰਨੇ ਗੁਰਦੁਆਰੇ ਸਨ ਹੁਣ ਉਹਦੇ ਨਾਲੋਂ ਕਿਤੇ ਵਧ ਹਨ । ਇਸ ਲਈ ਭੇਦ-ਭਾਵ ਦਾ ਦੋਸ਼ ਨਿਰਮੂਲ ਹੈ । ਫਿਰ ਵੀ, ਭਾਰਤ ਦੇ ਆਗੂਆਂ ਵਿਚ ਹਿੰਦੂ ਤਰਫਦਾਰੀ ਹੈ । ਮਿਸਾਲ ਵਜੋਂ ਜਦੋਂ ਇਕ ਪਾਸੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਦੀ ਅਕਾਲੀ ਮੰਗ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਸੀ ਤਾਂ ਦੂਜੇ ਪਾਸੇ ਕੁਰਕਸ਼ੇਤਰ ਨੂੰ ਪਵਿੱਤਰ ਸ਼ਹਿਰ ਕਰਾਰ ਦੇ ਦਿਤਾ ਗਿਆ ਸੀ । ਇਹ ਤਰਫਦਾਰੀ ਦੇਸ਼-ਵਿਰੋਧੀ ਤਾਕਤਾਂ ਨੂੰ ਮਦਦ ਕਰਦੀ ਹੈ। ਇਸ ਲਈ ਇਹ ਖਤਮ ਹੋਣੀ ਚਾਹੀਦੀ ਹੈ ।

ਅੰਦਰੂਨੀ ਕਾਰਨਾਂ ਵਿਚੋਂ ਦਹਿਸ਼ਤਗਰਦਾਂ ਦੀ ਸ਼ਾਇਦ ਸਭ ਤੋਂ ਵਧ ਮਦਦ ਕਰਨ ਵਾਲਾ ਕਾਰਨ ਸਰਮਾਏਦਾਰੀ ਦੀਆਂ ਪਾਰਟੀਆਂ ਦੀ ਚੋਣਾਂ ਅਤੇ ਰਾਜਨੀਤਕ ਲਾਭਾਂ ਨੂੰ ਮੁੱਖ ਰਖ ਕੇ ਵਰਤੀ ਗਈ ਮੌਕਾਪ੍ਰਸਤੀ ਹੈ । ਇਹ ਸਿਰਫ਼ ਹਾਕਮ ਪਾਰਟੀ ਵਿਚ ਹੀ ਨਹੀਂ ਸੀ । ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਪਰੰਤੂ ਕੁਝ ਕੁ ਹੀ ਕਾਫੀ ਹੋਣਗੀਆਂ ।

ਅੱਜ ਜਿਵੇਂ ਜੱਗ ਜਾਣਦਾ ਹੈ ਕਿ ਧਾਰਮਕ ਸ਼ਖਸੀਅਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕਾਂਗਰਸ (ਆਈ) ਪੰਜਾਬ ਵਿਚਲੇ ਆਪਣੇ ਮੁਖ ਰਾਜਸੀ ਵਿਰੋਧੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੇ ਮਨਸ਼ੇ ਨਾਲ ਸਿਆਸਤ ਵਿਚ ਲੈਕੇ ਆਈ ਸੀ । ਅਕਾਲੀਆਂ ਨੇ ਸੋਚਿਆ ਕਿ ਉਹ ਭਿੰਡਰਾਂਵਾਲਾ ਕਾਰਡ ਨੂੰ ਕਾਂਗਰਸੀਆਂ ਨਾਲੋਂ ਵਧੇਰੇ ਚੰਗੀ ਤਰ੍ਹਾਂ ਵਰਤ ਲੈਣਗੇ ਉਨ੍ਹਾਂ ਨੇ ਸਭਤੋਂ ਪਹਿਲਾਂ ਉਹਨੂੰ ਗੁਰੂ ਨਾਨਕ ਨਿਵਾਸ ਵਿਚ ਠਹਿਰਨ ਦੀ ਆਗਿਆ ਦਿਤੀ। ਫਿਰ ਉਨ੍ਹਾਂ ਨੇ ਉਹਨੂੰ ਪਵਿੱਤਰ ਅਕਾਲ ਤਖਤ ਵਿਚ ਜਾ ਟਿਕਣ ਦੀ ਇਜਾਜ਼ਤ ਦੇ ਦਿਤੀ ਜਿਥੇ (ਅਕਾਲ ਤਖਤ ਦੀ ਪਹਿਲੀਵਾਰ ਉਸਾਰੀ ਹੋਣ ਤੋਂ ਲੈ ਕੇ) ਗੁਰੂ ਸਾਹਿਬਾਨ ਵਿਚੋਂ ਵੀ ਕਦੇ ਕੋਈ ਗੁਰੂ ਸਾਹਿਬ ਨਹੀਂ ਠਹਿਰੇ ਸਨ। ਫਿਰ ਉਨ੍ਹਾਂ ਨੇ ਅਕਾਲ ਤਖਤ ਸਮੇਤ ਸਮੁੱਚੇ ਹਰਿਮੰਦਰ ਸਾਹਿਬ ਨੂੰ ਇਕ ਹਥਿਆਰਬੰਦ ਕਿਲ੍ਹੇ ਵਿਚ ਬਦਲ ਜਾਣ ਦਿਤਾ ਤੇ ਦਹਿਸ਼ਤਗਰਦਾਂ ਦਾ ਸਿਖਲਾਈ ਕੈਂਪ ਬਣ ਜਾਣ ਦਿਤਾ ।

ਜਿਸ ਵੇਲੇ ਭਿੰਡਰਾਂਵਾਲਾ ਦਹਿਸ਼ਤਗਰਦ ਕਾਤਲਾਂ ਦਾ ਆਗੂ ਬਣ ਚੁਕਾ ਸੀ ਅਤੇ ਕਤਲਾਂ ਦਾ ਸੱਦਾ ਦੇ ਰਿਹਾ ਸੀ ਠੀਕ ਉਸ ਵੇਲੇ ਵੀ ਕਾਂਗਰਸ (ਆਈ) ਦੇ ਇਕ ਪ੍ਰਸਿੱਧ

ਜਨਰਲ ਸਕੱਤਰ ਨੇ ਭਿੰਡਰਾਂਵਾਲੇ ਬਾਰੇ ਤਸਦੀਕੀ ਤੌਰ ਤੇ ਕਿਹਾ ਸੀ ਕਿ ਉਹ ਤਾਂ ਸਿਰਫ ਇਕ ਧਾਰਮਕ ਸ਼ਖਸੀਅਤ ਹੈ। ਤਕਰੀਬਨ ਏਸੇ ਹੀ ਸਮੇਂ ਵਿਰੋਧੀ ਧਿਰ ਦੇ ਤਿੰਨ ਵੱਡੇ ਆਗੂ ਹਰਿਮੰਦਰ ਸਾਹਿਬ ਦੇ ਅੰਦਰ ਗਏ ਸਨ ਅਤੇ ਉਨ੍ਹਾਂ ਨੇ ਬਾਹਰ ਆਕੇ ਇਹ ਸਰਟੀਫਿਕੇਟ ਜਾਰੀ ਕੀਤਾ ਸੀ ਕਿ ਹਰਿਮੰਦਰ ਸਾਹਿਬ ਦੇ ਅੰਦਰ ਉਨ੍ਹਾਂ ਨੂੰ ਕਿਤੇ ਵੀ ਹਥਿਆਰ ਨਜ਼ਰ ਨਹੀਂ ਆਏ ਜਦੋਂ ਕਿ ਇਸ ਸਮੇਂ ਹਰਿਮੰਦਰ ਸਾਹਿਬ ਦੇ ਅੰਦਰ ਬੀੜੇ ਹੋਏ ਅਤੇ ਇਥੋਂ ਤਕ ਬਾਹਰਲੀਆਂ ਕੰਧਾਂ ਉਤੇ ਵੀ ਬੀੜੇ ਹੋਏ ਹਥਿਆਰ ਬਾਹਰੋਂ ਹੀ ਨਜ਼ਰ ਆ ਜਾਂਦੇ ਸਨ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਅਤਿਅੰਤ ਘਿਰਣਾਯੋਗ ਸੀ। ਇਹ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਰਪ੍ਰਸਤ ਸਾਮਰਾਜ ਵਲੋਂ ਤਿਆਰ ਕੀਤੀ ਮੁਖ ਵਿਉਂਤ ਵਿਚ ਕੀਤਾ ਗਿਆ ਕਾਰਾ ਸੀ। ਜਿਨ੍ਹਾਂ ਨੇ ਇੰਦਰਾ ਗਾਂਧੀ ਦੇ ਕਤਲ ਤੇ ਖੁਸ਼ੀ ਮਨਾਈ ਉਨ੍ਹਾਂ ਦੀ ਤਕੜੀ ਨਿਖੇਧੀ ਹੋਣੀ ਚਾਹੀਦੀ ਹੈ। ਪਰੰਤੂ ਇਕੱਲੀ ਰਾਜਧਾਨੀ ਵਿਚ ਹੀ ਸਿੱਖ ਵਿਰੋਧੀ ਦੰਗਿਆਂ ਵਿਚ 3000 ਨਿਰਦੋਸ਼ ਸਿੱਖਾਂ ਦੇ ਕਤਲ ਕਰ ਦਿਤੇ ਜਾਣੇ ਮੂਲੋਂ ਹੀ ਅਨਿਆਂ ਹੈ। ਇਹ ਕਤਲ ਭਾਰਤ ਦੇ ਨਾਂ 'ਤੇ ਅਤਿਅੰਤ ਕਾਲਾ ਦਾਗ ਹਨ। ਇਹ ਬਿਲਕੁਲ ਵੀ ਆਪਣੇ ਆਪ ਹੀ ਨਹੀਂ ਹੋ ਗਏ ਸਨ। ਕੁਝ ਬਹੁਤ ਹੀ ਅਹਿਮ ਸਖਸੀਅਤਾਂ ਨੇ ਇਨ੍ਹਾਂ ਨੂੰ ਜਥੇਬੰਦ ਕਰਨ ਲਈ ਵਡਾ ਹਿੱਸਾ ਪਾਇਆ ਸੀ ਭਾਵੇਂ ਕਈ ਥਾਈਂ ਆਮ ਹਿੰਦੂਆਂ ਸਮੇਤ ਕਮਿਊਨਿਸਟਾਂ ਵਾਂਗ ਕਈ ਪੁਰਾਣੇ ਕਾਂਗਰਸੀਆਂ ਨੇ ਵੀ ਆਪਣੀ ਜਾਨ ਦਾਅ 'ਤੇ ਲਾ ਕੇ ਬਹੁਤ ਸਾਰੇ ਸਿੱਖਾਂ ਨੂੰ ਬਚਾਇਆ ਸੀ। ਸੌੜੇ ਪਾਰਟੀ ਹਿੱਤਾਂ ਨੂੰ ਧਿਆਨ ਵਿਚ ਰਖਦਿਆਂ ਇਨ੍ਹਾਂ ਦੰਗਿਆਂ ਦੇ ਮੁਜਰਮਾਂ ਨੂੰ ਸਜ਼ਾਵਾਂ ਦੁਆਉਣ ਤੋਂ ਲਗਾਤਾਰ ਇਨਕਾਰ ਕੀਤਾ ਜਾ ਰਿਹਾ ਹੈ। ਇਸ ਘੋਰ ਅਨਿਆਂ ਨੂੰ ਅੱਤਵਾਦੀਆਂ ਨੇ ਪੂਰੀ ਤਰ੍ਹਾਂ ਵਰਤਿਆ ਹੈ ਅਤੇ ਇਸਨੇ ਪੰਜਾਬ ਵਿਚ ਉਨ੍ਹਾਂ ਦੀ ਮਦਦ ਕੀਤੀ ਹੈ।

ਕਦੇ ਸੁਸ਼ੀਲ ਮੁਨੀ ਜੈਨ ਤੇ ਕਦੇ ਦਰਸ਼ਨ ਸਿੰਘ ਰਾਗੀ, ਕਦੇ ਬਾਦਲ (ਭਾਵੇਂ ਕਿ ਪੰਜਾਬ ਦੀ ਸਿਆਸਤ ਬਾਰੇ ਕੋਈ ਕੋਰਾ ਬੰਦਾ ਵੀ ਦਸ ਸਕਦਾ ਹੈ ਕਿ ਬਾਦਲ ਇਨ੍ਹਾਂ ਦੇ ਆਖੇ ਲੱਗਣ ਵਾਲਾ ਨਹੀਂ) ਅਤੇ ਕਦੇ ਜਸਬੀਰ ਸਿੰਘ ਰੋਡੇ ਦੇ ਜ਼ਰੀਏ ਹਾਕਮ ਪਾਰਟੀ ਨੇ ਵਾਰ ਵਾਰ ਦਹਿਸ਼ਤਗਰਦਾਂ ਦੇ ਇਕ ਹਿੱਸੇ ਨਾਲ ਲੈਣ ਦੇਣ ਕਰਨ ਦੇ ਯਤਨ ਕੀਤੇ ਹਨ। ਅਜੇਹੇ ਹਰੇਕ ਯਤਨ ਦਾ ਅਸਰ ਉਲਟਾ ਪੈਂਦਾ ਰਿਹਾ ਹੈ। ਜਿਸ ਨੇ ਸਿਰਫ ਸੁਰੱਖਿਆ ਬਲਾਂ ਦੇ ਹੌਂਸਲੇ ਡੇਗਣ ਅਤੇ ਦਹਿਸ਼ਤਗਰਦਾਂ ਨੂੰ ਤਕੜਾ ਕਰਨ ਦਾ ਕੰਮ ਕੀਤਾ ਹੈ ਅਤੇ ਚੋਣ ਦੇ ਨਜ਼ਰੀਏ ਤੋਂ ਅਜੇ ਵੀ ਇਹ ਰਾਹ ਛੱਡਿਆ ਨਹੀਂ ਜਾ ਰਿਹਾ। ਜੋਧਪੁਰ ਜੇਲ ਵਿਚ ਬੰਦ ਲੋਕਾਂ ਵਿਚੋਂ 50 ਤੋਂ ਵਧ ਬੰਦੇ ਦਹਿਸ਼ਤਗਰਦ ਕਾਤਲ ਜਾਂ ਉਨ੍ਹਾਂ ਨੂੰ ਜਥੇਬੰਦ ਕਰਨ ਵਾਲੇ ਨਹੀਂ। ਫਿਰ ਵੀ ਉਥੇ ਡੱਕੇ ਹਏ ਬਹੁਤ ਸਾਰਿਆਂ ਨੂੰ ਸੌਦੇਬਾਜ਼ੀ ਲਈ ਰਖਿਆ ਹੋਇਆ ਹੈ। ਗੈਰ-ਖੱਬੇ ਪੱਖੀ ਵਿਰੋਧੀ ਪਾਰਟੀਆਂ ਵੀ ਕੋਈ ਗੈਰ-ਅਸੂਲੀ ਲੈਣ ਦੇਣ ਕਰਨ ਦੇ ਉਲਟ ਨਹੀਂ ਜਾਪਦੀਆਂ। ਵਿਰੋਧੀ ਧਿਰ ਦੇ ਕੁਝ ਚੋਟੀ ਦੇ ਆਗੂਆਂ ਨੇ ਪੰਜਾਬ ਬਾਰੇ ਚੁਪ ਵਟੀ ਰੱਖੀ ਹੈ। ਕੁਝ ਇਹ ਕਹਿੰਦੇ ਚਲੇ ਆ ਰਹੇ ਹਨ ਕਿ ਪੰਜਾਬ

ਦੀ ਸਮੱਸਿਆ ਦਿੱਲੀ ਵਿਚ ਵਿਰੋਧੀ ਧਿਰ ਦੇ ਸੱਤਾ ਵਿਚ ਆ ਜਾਣ ਨਾਲ ਹੱਲ ਹੋ ਜਾਵੇਗੀ। ਸਰਮਾਏਦਾਰੀ ਦੀਆਂ ਕੁਝ ਪਾਰਟੀਆਂ ਨੇ ਦਹਿਸ਼ਤਗਰਦਾਂ ਦੀ ਸਫ਼ਾਈ ਪੇਸ਼ ਕਰਦਿਆਂ ਹੋਇਆਂ ਕਿਹਾ ਹੈ ਕਿ ਸਾਰੇ ਕਤਲ ਸਰਕਾਰੀ ਏਜੰਟ ਕਰ ਰਹੇ ਹਨ।

ਧਾਰਮਿਕ ਸਥਾਨਾਂ ਤੇ ਹਥਿਆਰ ਜਮਾਂ ਕਰਨ ਅਤੇ ਉਨ੍ਹਾਂ ਨੂੰ ਰਾਜਨੀਤਿਕ ਹਿਤਾਂ ਲਈ ਵਰਤੇਣ ਉਤੇ ਰੋਕ ਲਾਉਣ ਲਈ ਸਰਕਾਰ ਨੇ ਜੋ ਆਰਡੀਨੈਂਸ ਜਾਰੀ ਕੀਤਾ ਸੀ ਉਹ ਅਣਮੰਨੇ ਜਿਹੇ ਮਨ ਨਾਲ ਕੀਤਾ ਸੀ। ਅਕਾਲੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਸਰਮਾਏਦਾਰੀ ਦੀਆਂ ਬਾਕੀ ਪਾਰਟੀਆਂ ਨੇ ਇਸ ਨੂੰ ਵਧੇਰੇ ਅਸਰਦਾਰ ਤਰੀਕੇ ਨਾਲ ਲਾਗੂ ਕੀਤੇ ਜਾਣ ਦੀ ਮੰਗ ਕਰਨ ਦੀ ਬਜਾਏ ਸਿਰਫ਼ ਬੇਦਿਲੀ ਜਿਹੀ ਨਾਲ ਹਮਾਇਤ ਕੀਤੀ ਸੀ।

ਸਰਮਾਏਦਾਰੀ ਦੀਆਂ ਪਾਰਟੀਆਂ ਦੀ ਅਜਿਹੀ ਮੌਕਾਪ੍ਰਸਤੀ ਦਾ ਦਹਿਸ਼ਤਗਰਦਾਂ ਨੇ ਪੂਰਾ ਫਾਇਦਾ ਉਠਾਇਆ ਹੈ। ਭਿੰਡਰਾਂਵਾਲੇ ਨੇ ਤਾਂ ਇਥੋਂ ਤਕ ਫੜ੍ਹ ਮਾਰੀ ਸੀ ਕਿ ਕਈ ਕਹਿੰਦੇ ਹਨ ਕਿ ਕਾਂਗਰਸ (ਆਈ) ਉਹਨੂੰ ਵਰਤ ਰਹੀ ਹੈ ਪਰੰਤੂ ਅਸਲੀਅਤ ਤਾਂ ਇਹ ਹੈ ਕਿ ਅਸਲ ਵਿਚ ਮੈਂ ਕਾਂਗਰਸ (ਅਤੇ ਅਕਾਲੀਆਂ ਨੂੰ ਵੀ) ਵਰਤਿਆ ਹੈ।

ਇਲਾਕਾਈ ਝਗੜਿਆਂ ਅਤੇ ਫਾਲਤੂ ਪਾਣੀਆਂ ਲਈ ਚਲਦੇ ਝਗੜਿਆਂ ਨਾਲ ਦਹਿਸ਼ਤਗੇਰਦਾਂ ਦਾ ਕੋਈ ਸਰੋਕਾਰ ਨਹੀਂ। ਉਨ੍ਹਾਂ ਨੇ ਅੱਕਸਰ ਇਉਂ ਕਿਹਾ ਹੈ। ਪਰੰਤੂ ਇਨ੍ਹਾਂ ਝਗੜਿਆਂ (ਜਿਨ੍ਹਾਂ ਨੂੰ ਅਕਾਲੀਆਂ ਨੇ ਫ਼ਿਰਕੂ ਰੰਗਣ ਦਿੱਤੀ ਹੋਈ ਹੈ) ਦੇ ਅਣ-ਸੁਲਝੇ ਪਏ ਹੋਣ ਦਾ ਉਨ੍ਹਾਂ ਨੇ ਪੂਰਾ ਫਾਇਦਾ ਲਿਆ ਹੈ। ਇਨ੍ਹਾਂ ਝਗੜਿਆਂ ਦੇ ਨਾ ਸੁਲਝਣ ਦਾ ਇਕ ਮੁਖ ਕਾਰਨ ਸਰਮਾਏਦਾਰੀ ਦੀਆਂ ਪਾਰਟੀਆਂ ਦੀ ਮੌਕਾਪ੍ਰਸਤੀ ਹੈ। ਜਿਸ ਵੇਲੇ ਕਮਿਊਨਿਸਟ ਸੰਬੰਧਤ ਰਾਜਾਂ ਵਿਚ ਇਕੋ ਹੀ ਸਟੈਂਡ ਲੈ ਰਹੇ ਹਨ, ਸਾਰੀਆਂ ਸਰਮਾਏ-ਦਾਰੀ ਦੀਆਂ ਪਾਰਟੀਆਂ ਦੀਆਂ ਇਕਾਈਆਂ ਹਰ ਰਾਜ ਵਿਚ ਵਖੋ ਵਖਰਾ ਸਟੈਂਡ ਲੈਂਦੀਆਂ ਹਨ। ਇਥੇ ਹੋਰ ਉਦਾਹਰਨਾਂ ਦੇਣਾਂ ਜ਼ਰੂਰੀ ਨਹੀਂ। ਅਸਲੀਅਤ ਇਹ ਹੈ ਕਿ ਨੌਜਵਾਨ ਜਿਹੋ ਜਿਹੇ ਰੁਜ਼ਗਾਰ ਚਾਹੁੰਦੇ ਹਨ ਉਹ ਉਨ੍ਹਾਂ ਨੂੰ ਮਿਲ ਨਹੀਂ ਰਹੇ ਅਤੇ ਹਥਿਆਰਾਂ ਦੀ ਖਿਚ ਅਤੇ ਪੈਸੇ ਦਾ ਰੋਲ ਤਾਂ ਹੈ ਪਰ ਇਹ ਦੂਜੇ ਦਰਜੇ ਦਾ ਕਾਰਨ ਹੈ।

ਰਣਨੀਤੀ, ਢੰਗ ਤਰੀਕੇ, ਯੁਧ ਚਾਲਾਂ ਅਤੇ ਨਿਸ਼ਾਨੇ

ਜਿਵੇਂ ਕਿ ਸਾਰੀਆਂ ਦਹਿਸ਼ਤਗਰਦੀ ਦੀਆਂ ਲਹਿਰਾਂ ਵਿਚ ਹੁੰਦਾ ਹੈ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਰਣਨੀਤੀ ਦਾ ਧੁਰਾ ਵੀ ਦਹਿਸ਼ਤ ਪੈਦਾ ਕਰਨਾ, ਪ੍ਰਸ਼ਾਸਨ ਨੂੰ ਬੇਕਾਰ ਕਰਨਾ ਅਤੇ ਆਪਣੀ "ਤਾਕਤ" ਵਿਖਾਉਣਾ ਹੈ। ਖਾਲਿਸਤਾਨੀ ਦਹਿਸ਼ਤਗਰਦਾਂ ਦੀ ਰਣ-ਨੀਤੀ ਦੇ ਕੁਝ ਮੂਲ-ਤਤ ਹੋਰ ਵੀ ਹਨ ਜਿਹੜੇ ਵਿਸ਼ੇਸ਼ ਤੌਰ ਤੇ ਉਨ੍ਹਾਂ ਨਾਲ ਹੀ ਸਬੰਧਤ ਹਨ। ਇਕ ਤਾਂ ਇਹ ਕਿ ਸਿੱਖਾਂ ਅਤੇ ਸਿੱਖ ਧਰਮ ਦੇ ਰਾਖਿਆਂ ਵਜੋਂ ਨਜ਼ਰ ਆਉਣਾ, ਹਿੰਦੂਆਂ ਅਤੇ ਸਿੱਖਾਂ ਵਿਚਕਾਰ ਪਾੜਾ ਚੌੜਾ ਕਰਨਾ, ਅਜੇਹੀ ਹਾਲਤ ਪੈਦਾ ਕਰਨਾ ਜਿਸ ਨਾਲ ਹਿੰਦੂ ਸਿਖ ਫਸਾਦ ਭੜਕ ਪੈਣ, ਪੰਜਾਬ ਦੇ ਹਿੰਦੂਆਂ ਨੂੰ ਬਾਕੀ ਰਾਜਾਂ ਵਿਚ ਚਲੇ

ਜਾਣ ਲਈ ਮਜਬੂਰ ਕਰਨਾ ਅਤੇ ਅਜਿਹੀ ਸਥਿਤੀ ਬਣਾ ਦੇਣਾ ਜਿਸ ਨਾਲ ਬਾਕੀ ਰਾਜਾਂ ਵਿਚ ਵਸਦੇ ਸਿੱਖ ਵੀ ਪੰਜਾਬ ਵਿਚ ਵਸਣ ਲਈ ਮਜਬੂਰ ਹੋ ਜਾਣ ਅਤੇ ਉਨ੍ਹਾਂ ਨੇ ਅਜੇਹਾ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਵੀ। ਭਿੰਡਰਾਂਵਾਲੇ ਦੇ ਜਿਉਂਦਿਆਂ ਜਿਹੜਾ ਭਿੰਡਰਾਂਵਾਲੇ ਨਾਲ ਨਹੀਂ ਸੀ ਉਹ ਦੁਸ਼ਮਣ ਸੀ।

ਦਹਿਸ਼ਤਗਰਦਾਂ ਦੀ ਉਪਰੋਕਤ ਰਣਨੀਤੀ ਦੇ ਤੱਤਾਂ ਨੇ ਉਨ੍ਹਾਂ ਦੇ ਢੰਗ ਤਰੀਕਿਆਂ ਅਤੇ ਨਿਸ਼ਾਨਿਆਂ ਨੂੰ ਤੈਅ ਕੀਤਾ ਹੈ।

ਉਨ੍ਹਾਂ ਨੇ ਸਿੱਖ ਨਿਰੰਕਾਰੀਆਂ ਸਮੇਤ ਨਿਰੰਕਾਰੀਆਂ ਦੇ ਕਤਲ ਕਰਨੇ ਸ਼ੁਰੂ ਕੀਤੇ ਕਿਉਂਕਿ ਕਟੜ ਸਿੱਖਾਂ ਵਿਚ ਨਿਰੰਕਾਰੀਆਂ ਦੇ ਖਿਲਾਫ ਤਕੜੇ ਤੁਅੱਸਬ ਹਨ। ਫਿਰ ਵਾਰੀ ਆਮ ਹਿੰਦੂਆਂ ਅਤੇ ਅਜਿਹੀਆਂ ਹਿੰਦੂ ਹਸਤੀਆਂ ਦੇ ਕਤਲਾਂ ਦੀ ਆਈ ਜਿਸ ਨਾਲ ਪੰਜਾਬੋਂ ਬਾਹਰ ਹਿੰਦੂ ਭੜਕਣ ਅਤੇ ਨਿਰਦੋਸ਼ ਸਿੱਖਾਂ ਦੇ ਖਿਲਾਫ ਹਿੰਸਾ ਵਰਤਣ। ਨਿਸ਼ਚੇ ਹੀ, ਜਿਨ੍ਹਾਂ ਨੇ ਉਨ੍ਹਾਂ ਦਾ ਵਿਰੋਧ ਕਰਨਾ ਸੀ ਉਨ੍ਹਾਂ ਨੇ ਉਨ੍ਹਾਂ ਦਾ ਨਿਸ਼ਾਨਾ ਬਣਨਾ ਹੀ ਸੀ। ਫਿਰ ਉਨ੍ਹਾਂ ਸਿੱਖਾਂ ਦੀ ਵਾਰੀ ਆਈ ਜਿਨ੍ਹਾਂ ਨੇ ਉਨ੍ਹਾਂ ਦੀ ਮੁਖਾਲਫਤ ਕੀਤੀ। ਜਿਹੜੇ ਲੋਕ ਕਿਸੇ ਵੇਲੇ ਉਹਨਾਂ ਦੇ ਹਮਾਇਤੀ ਸਨ ਅਤੇ ਮਗਰੋਂ ਉਨ੍ਹਾਂ ਨੇ ਹਮਾਇਤ ਕਰਨੀ ਬੰਦ ਕਰ ਦਿਤੀ ਜਾਂ ਵਿਰੋਧੀ ਹੋ ਗਏ ਹਨ ਇਹ ਉਨ੍ਹਾਂ ਪ੍ਰਤੀ ਵੀ ਬਦਲੇਖੋਰੀ ਵਾਲੇ ਕਾਰੇ ਕਰਦੇ ਹਨ। ਇਹ ਉਨ੍ਹਾਂ ਲੋਕਾਂ ਨੂੰ ਵੀ ਕਤਲ ਕਰਦੇ ਹਨ ਜਿਹੜੇ ਉਨ੍ਹਾਂ ਨੂੰ ਪਨਾਹ ਜਾਂ ਭੋਜਨ ਆਦਿ ਨਹੀਂ ਦੇਂਦੇ। ਬਾਦ ਵਿਚ ਉਨ੍ਹਾਂ ਨੇ ਅਜਿਹੇ ਸਿੱਖਾਂ ਨੂੰ ਵੀ ਕਤਲ ਕਰਨਾ ਸ਼ੁਰੂ ਕਰ ਦਿਤਾ ਜਿਹੜੇ ਉਨ੍ਹਾਂ ਦੀਆਂ ਭਾਰੀ ਰਕਮਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰਦੇ ਸਨ।

ਯਕੀਨਨ ਪੁਲਸ ਅਤੇ ਸੁਰਖਿਆ ਬਲਾਂ ਦੇ ਕਰਮਚਾਰੀ ਵੀ ਭਾਰੀ ਗਿਣਤੀ ਵਿਚ ਮਾਰੇ ਗਏ ਹਨ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਸਿੱਖ ਸਨ।

ਇਸ ਤਰ੍ਹਾਂ ਨਾ ਸਿਰਫ ਸਿੱਖ ਪੁਲਸ ਕਰਮਚਾਰੀ ਹੀ ਸਗੋਂ ਵਖੋ-ਵੱਖ ਰਾਜਨੀਤਕ ਪਾਰਟੀਆਂ ਨਾਲ ਸਬੰਧਤ ਸਿੱਖ ਕਾਰਕੁਨ ਅਤੇ ਆਗੂ ਵੀ ਮਾਰੇ ਗਏ ਹਨ। ਪਰੰਤੂ ਅਜੇ ਤਕ ਸਿੱਖਾਂ ਦੇ ਕਤਲ ਅੰਨ੍ਹੇਵਾਹ ਨਹੀਂ ਕੀਤੇ ਗਏ। ਸਮੂਹਕ ਕਤਲਾਂ ਲਈ ਅਜਿਹੀਆਂ ਥਾਵਾਂ ਅਤੇ ਬਾਜ਼ਾਰ ਚੁਣੇ ਗਏ ਹਨ ਜਿਥੇ ਜ਼ਿਆਦਾ ਗਿਣਤੀ ਹਿੰਦੂਆਂ ਦੀ ਹੁੰਦੀ ਹੈ। ਇਹ ਬਿਲਕੁਲ ਸਹੀ ਹੈ ਕਿ ਅਜੇਹੇ ਕਤਲਾਂ ਵਿਚ ਨਾ ਸਿਰਫ ਸਿੱਖ ਹੀ ਸਗੋਂ ਈਸਾਈ ਅਤੇ ਮੁਸਲਮਾਨ ਵੀ ਮਾਰੇ ਗਏ ਜਾਂ ਜ਼ਖਮੀ ਕੀਤੇ ਗਏ ਹਨ। ਜਦੋਂ ਮੁਸਾਫਰ ਬੱਸਾਂ ਅਗਵਾ ਕੀਤੀਆਂ ਜਾਂਦੀਆਂ ਹਨ ਤਾਂ ਪਹਿਲਾਂ ਸਿੱਖ ਮੁਸਾਫਰਾਂ ਨੂੰ ਉਤਰ ਕੇ ਚਲੇ ਜਾਣ ਲਈ ਕਿਹਾ ਜਾਂਦਾ ਹੈ।

ਸ਼ੁਰੂ ਸ਼ੁਰੂ ਵਿਚ ਹਿਦੂ-ਸਿੱਖ ਫਸਾਦ ਭੜਕਾਉਣ ਲਈ ਹਿੰਦੂ ਮੰਦਰਾਂ ਦੇ ਸਾਹਮਣੇ ਗਊਆਂ ਦੇ ਸਿਰ ਸੁਟਣ ਅਤੇ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਤੋੜਣ ਜਿਹੇ ਢੰਗ ਤਰੀਕੇ ਵੀ ਵਰਤੇ ਗਏ ਸਨ। (ਕੁਝ ਹਿੰਦੂ ਕਾਂਗਰਸੀਆਂ ਸਮੇਤ ਹਿੰਦੂ ਫਿਰਕਾਪ੍ਰਸਤਾਂ ਨੇ ਸਿੱਖਾਂ ਦੇ ਗੁਰਦੁਆਰਿਆਂ ਵਿਚ ਸਿਗਰਟਾਂ ਸੁਟ ਕੇ ਜਾਂ ਹਰਿਮੰਦਰ ਸਾਹਿਬ ਦਾ ਮਾਡਲ ਤੋੜਕੇ ਜਾਂ ਗੁਰਦੁਆਰਿਆਂ ਉਤੇ ਹਮਲਾ ਕਰਕੇ ਮੋੜਵੀਂ ਕਾਰਵਾਈ ਕੀਤੀ)।

ਜਿਨ੍ਹਾਂ ਲੋਕਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ ਉਸ ਦੇ ਸਬੰਧ ਵਿਚ ਇਕ ਮਹੱਤਵਪੂਰਨ ਅਤੇ ਦਿਲਚਸਪ ਹਕੀਕਤ ਸਾਹਮਣੇ ਆਈ ਹੈ। ਖਾਸ ਤੌਰ ਤੇ ਪੰਜਾਬ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਪ੍ਰਵਾਸੀ (ਹਿੰਦੂ) ਮਜ਼ਦੂਰਾਂ ਦੇ ਸਮੂਹਿਕ ਕਤਲ ਕਰਨ ਤੋਂ ਗੁਰੇਜ਼ ਕੀਤੀ ਗਈ ਹੈ। ਕਾਰਨ ਇਹ ਹੈ ਕਿ ਇਸ ਨਾਲ ਭੂਮੀਪਤੀਆਂ ਅਤੇ ਕੁਲਕਾਂ ਦੀ ਆਰਥਕਤਾ ਉਤੇ ਸਟ ਪੈਂਦੀ ਹੈ। ਦਹਿਸ਼ਤਗਰਦਾਂ ਨੇ ਸਭ ਤੋਂ ਪਹਿਲੀ ਵਾਰ ਵੱਡੇ ਪੱਧਰ ਉਤੇ ਮਈ 1988 ਦੇ ਕਾਲੀ ਗਰਜ ਅਪ੍ਰੇਸ਼ਨ ਤੋਂ ਮਗਰੋਂ ਪ੍ਰਵਾਸੀ ਮਜ਼ਦੂਰਾਂ ਉਤੇ ਹਮਲਾ ਕੀਤਾ ਸੀ। ਇਹ ਦਿਖਾਉਣ ਵਾਸਤੇ ਕਿ ਉਹ ਅਜੇ ਵੀ ਤਕੜੇ ਹਨ ਅਤੇ ਪੰਜਾਬ ਤੋਂ ਇਲਾਵਾ ਬਾਕੀ ਰਾਜਾਂ ਵਿਚ ਸਿੱਖ-ਵਿਰੋਧੀ ਜਜ਼ਬਾਤ ਭੜਕਾਉਣ ਲਈ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਪ੍ਰਵਾਸੀ ਮਜ਼ਦੂਰਾਂ ਨੂੰ ਕਤਲ ਕੀਤਾ। ਮਹੱਤਵਪੂਰਨ ਇਹ ਹੈ ਕਿ ਇਸ ਵਾਰ ਮੁਖ ਨਿਸ਼ਾਨਾ ਸਤਲੁਜ-ਜਮਨਾ ਲਿੰਕ ਨਹਿਰ ਉਤੇ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਨੂੰ ਬਣਾਇਆ ਸੀ। ਇਸ ਨਹਿਰ ਤੋਂ ਹਰਿਆਣੇ ਨੂੰ ਆਪਣੇ ਹਿੱਸੇ ਦਾ ਪਾਣੀ ਦਿਤਾ ਜਾਣਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਘਟੋ ਘਟ ਇਕ ਪਿੰਡ ਵਿਚ ਵੀ ਕੁਝ ਖ਼ੇਤ ਮਜ਼ਦੂਰਾਂ ਨੂੰ ਮਾਰਿਆ ਗਿਆ ਸੀ। ਇਸ ਤਰ੍ਹਾਂ ਦੇ ਕਤਲ ਮੁੜ ਕੇ ਨਹੀਂ ਦੁਹਰਾਏ ਗਏ ਕਿਉਂਕਿ ਇਸ ਨਾਲ ਉਨ੍ਹਾਂ ਦੇ ਆਪਣੇ ਹਮਾਇਤੀਆਂ ਵਿਚ ਵੀ ਨਾਂਹ-ਪੱਖੀ ਪ੍ਰਤੀਕਿਰਿਆ ਹੋਣੀ ਸੀ। ਸਿਰਫ ਨਵੰਬਰ 1988 ਦੇ ਪਹਿਲੇ ਹਫਤੇ ਵਿਚ ਹੀ ਦਹਿਸਤਗਰਦਾਂ ਨੇ ਵੱਡੇ ਪੱਧਰ ਉਤੇ ਪ੍ਰਵਾਸੀ ਮਜ਼ਦੂਰਾਂ ਦੇ ਕਤਲ ਕੀਤੇ ਹਨ। ਮਹੱਤਵਪੂਰਣ ਗੱਲ ਇਹ ਹੈ ਕਿ ਇਸ ਵਾਰ ਇਨ੍ਹਾਂ ਮਜ਼-ਦੂਰਾਂ ਦੇ ਕਤਲ ਕਿਸੇ ਗੈਰ ਸਰਕਾਰੀ ਵੱਡੇ ਫਾਰਮ ਉਤੇ ਨਹੀਂ ਕੀਤੇ ਗਏ ਸਗੋਂ ਜ਼ਿਲਾ ਲੁਧਿਆਣਾ ਦੇ ਲਾਡੋਵਾਲ ਪਿੰਡ ਦੇ ਬੀਜ ਫਾਰਮ ਉਤੇ ਕੀਤੇ ਗਏ ਸਨ। ਇਹ ਫਾਰਮ ਭਾਰਤ ਸਰਕਾਰ ਦਾ ਹੈ।

ਆਪਣੇ ਜਨਤਕ ਪ੍ਰਭਾਵ ਨੂੰ ਵਧਾਉਣ ਖਾਤਰ ਦਹਿਸ਼ਤਗਰਦਾਂ ਨੇ ਇਕ ਸਮਾਜ ਸੁਧਾਰ ਦੀ ਲਹਿਰ ਸ਼ੁਰੂ ਕੀਤੀ। ਇਨ੍ਹਾਂ ਵਿਚੋਂ ਬਾਹਲੀਆਂ ਗੱਲਾਂ ਦਾ ਮੰਤਵ ਸਮਾਜ ਸੁਧਾਰ ਨਹੀਂ ਸੀ ਸਗੋਂ ਧਾਰਮਿਕ ਕੱਟੜਤਾ ਨੂੰ ਹੱਲਾਸ਼ੇਰੀ ਦੇਣਾ ਸੀ। ਮਿਸਾਲ ਵਜੋਂ ਨਾਈਆਂ, ਦਾਹੜੀ ਕਤਰਨ ਵਾਲਿਆਂ ਅਤੇ ਸਕੂਲਾਂ ਦੇ ਅਜਿਹੇ ਮੁਖ ਅਧਿਆਪਕਾਂ ਨੂੰ ਡਰਾਇਆ ਅਤੇ ਨਿਸ਼ਾਨਾ ਬਣਾਇਆ ਜਾਂਦਾ ਸੀ ਜਿਹੜੇ ਆਪਣੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਤਿ-ਵਾਦੀਆਂ ਵਲੋਂ ਦੱਸੇ ਹੋਏ ਕੱਪੜੇ ਪਹਿਨਣ ਲਈ ਨਹੀਂ ਕਹਿਦੇ ਸਨ। ਸਮਾਜ ਸੁਧਾਰ ਵਿਚ ਸਿਰਫ ਦਾਜ, ਵੱਡੀ ਜੰਜ ਅਤੇ ਸ਼ਰਾਬ ਨੂੰ ਖਤਮ ਕਰਨਾ ਸੀ। ਦਿਲਚਸਪ ਗੱਲ ਇਹ ਹੈ ਕਿ ਜਿਨ੍ਹਾਂ ਨੇ ਸ਼ਰਾਬ ਵੇਚਣ ਵਾਲਿਆਂ ਨੂੰ ਕਤਲ ਕੀਤਾ ਉਨ੍ਹਾਂ ਵਿਚੋਂ ਬਹੁਤ ਸਾਰੇ ਖ਼ੁਦ ਤਕੜੇ ਪਿਅੱਕੜ ਸਨ। ਸਮਾਜ ਸੁਧਾਰ ਦੀਆਂ ਸਾਰੀਆਂ ਚੀਜ਼ਾਂ ਵਿਚ ਵੱਡੀਆਂ ਰਕਮਾਂ ਲੈ ਕੇ ਛੋਟਾਂ ਦਿਤੀਆਂ ਜਾਂਦੀਆਂ ਸਨ। ਇਸ ਵਿਚ ਹੈਰਾਨੀ ਨਹੀਂ ਕਿ ਇਹ ਲਹਿਰ ਆਪੇ ਮਰ ਮੁਕ ਗਈ ਅਤੇ ਆਖਰ ਇਹਨੇ ਦਹਿਸ਼ਤਗਰਦਾਂ ਦੀ ਕੋਈ ਮਦਦ ਨਹੀਂ ਕੀਤੀ।

"ਨਵੀਂ ਪੰਥਕ ਕਮੇਟੀ" ਵਲੋਂ ਇਹ ਮੰਨਣਾ ਕਿ ਨਿਰਦੋਸ਼ ਲੋਕਾਂ ਦੇ ਕਤਲ ਗਲਤ ਸਨ ਅਤੇ ਇਹ ਯਕੀਨ ਦੁਆਉਣਾ ਕਿ ਭਵਿਖ ਵਿਚ ਅਜਿਹੇ ਕਤਲ ਕਦੇ ਨਹੀਂ ਕੀਤੇ

ਜਾਣਗੇ ਭੋਲੇ ਭਾਲੇ ਲੋਕਾਂ ਨੂੰ ਧੋਖਾ ਦੇਣ ਅਤੇ ਲੋਕਾਂ ਤੋਂ ਨਿਖੇੜੇ ਦੀ ਹਾਲਤ ਉਤੇ ਕਾਬੂ ਪਾਉਣ ਦਾ ਦਹਿਸ਼ਤਗਰਦਾਂ ਦਾ ਇਕ ਹੋਰ ਉਪਰਾਲਾ ਹੈ।

ਦਹਿਸ਼ਤਗਰਦਾਂ ਦਾ ਪਤਨ

ਐਨ ਸ਼ੁਰੂ ਤੋਂ ਹੀ ਦਹਿਸ਼ਤਗਰਦਾਂ ਅਤੇ ਸਮਗਲਰਾਂ ਦਾ ਇਕ ਗੱਠਜੋੜ ਬਣ ਗਿਆ ਸੀ। ਬਲਿਊ ਸਟਾਰ ਅਪ੍ਰੇਸ਼ਨ ਵੇਲੇ ਅੰਮ੍ਰਿਤਸਰ ਦਾ ਇਕ ਚੋਟੀ ਦਾ ਅਤੇ ਬਦਨਾਮ ਸਮਗਲਰ ਹਰਿਮੰਦਰ ਸਾਹਿਬ ਦੇ ਅੰਦਰ ਮਾਰਿਆ ਗਿਆ ਸੀ। ਸ਼ੁਰੂ ਤੋਂ ਹੀ ਸਮਾਜ ਵਿਰੋਧੀ ਤੱਤਾਂ ਨੂੰ ਭਰਤੀ ਕੀਤਾ ਜਾਂਦਾ ਸੀ। ਸਮੇਂ ਨਾਲ ਜਿਹੜੇ ਪਹਿਲਾਂ ਧਾਰਮਕ ਜਜ਼ਬੇ ਹੇਠਾਂ ਜਾਂ ਕੁਝ ਹੋਰ ਅਜਿਹੇ ਕਾਰਨਾਂ ਕਰਕੇ ਦਹਿਸ਼ਤਗਰਦਾਂ ਵਿਚ ਸ਼ਾਮਲ ਹੋਏ ਸਨ ਉਨ੍ਹਾਂ ਵਿਚੋਂ ਵੀ ਬਹੁਤ ਸਾਰੇ ਪਤਨ ਦਾ ਸ਼ਿਕਾਰ ਹੋ ਗਏ ਹਨ। ਇਹ ਪਤਨ ਅਤੇ ਇਨਸਾਨੀ ਭਾਵਨਾ ਤੋਂ ਉਹਨਾਂ ਦਾ ਸੱਖਣੇ ਹੋਣਾ, ਔਰਤਾਂ ਅਤੇ ਬੱਚਿਆਂ—ਇਥੋਂ ਤਕ ਕਿ 80 ਸਾਲਾਂ ਦੀਆਂ ਬਜ਼ੁਰਗ ਔਰਤਾਂ ਅਤੇ ਕੁਝ ਕੁ ਮਹੀਨਿਆਂ ਦੇ ਬਾਲਾਂ—ਦੇ ਕਤਲਾਂ ਤੋਂ ਜ਼ਾਹਰ ਹੁੰਦਾ ਹੈ। ਕਾਮ ਦੀ ਹਵਸ ਕਰਕੇ ਵੀ ਕਤਲ ਕੀਤੇ ਗਏ ਹਨ। ਇਹਨਾਂ ਵਿਚੋਂ ਬਹੁਤ ਸਾਰੇ ਪੇਸ਼ਾਵਰ ਕਾਤਲ ਬਣ ਗਏ ਹਨ। ਅਜਕਲ੍ਹ ਪੈਸਾ ਲੈ ਕੇ ਵੀ ਦਹਿਸ਼ਤਗਰਦ ਬਹੁਤ ਸਾਰੇ "ਸਾਧਾਰਣ" ਕਤਲ ਕਰ ਰਹੇ ਹਨ। ਦਹਿਸ਼ਤਗਰਦ ਗੁਟਾਂ ਵਿਚਕਾਰ ਆਪਸੀ ਦੁਸ਼ਮਣੀਆਂ ਅਤੇ ਇਕ ਦੂਸਰੇ ਦੀ ਕਤਲੋਗਾਰਤ ਵੀ ਚਲਦੀ ਹੈ।

ਮਈ 1988 ਦੇ ਕਾਲੀ ਗਰਜ ਅਪ੍ਰੇਸ਼ਨ ਨੇ ਦਹਿਸ਼ਤਗਰਦਾਂ ਦੇ ਘਿਨਾਉਣੇ ਚਿਹਰੇ ਤੋਂ ਪੂਰੀ ਤਰ੍ਹਾਂ ਨਕਾਬ ਚੁਕ ਦਿਤਾ। ਇਹ ਅਪ੍ਰੇਸ਼ਨ ਅਖਬਾਰਾਂ ਦੇ ਨੁਮਾਇੰਦਿਆਂ ਦੇ ਸਾਹਮਣੇ ਕੀਤਾ ਗਿਆ ਸੀ ਅਤੇ ਨਾਲ ਦੇ ਨਾਲ ਟੀ ਵੀ ਉਤੇ ਦਿਖਾਇਆ ਗਿਆ ਸੀ। ਇਹ ਆਮ ਜਾਣਿਆ ਜਾਂਦਾ ਸੀ ਕਿ ਹਰਿਮੰਦਰ ਸਾਹਿਬ ਤਸੀਹਾ ਘਰ ਬਣਾ ਦਿਤਾ ਗਿਆ ਸੀ।

—ਜਿਹੜੇ ਮੰਗ ਮੁਤਾਬਕ ਅਦਾਇਗੀ ਨਹੀਂ ਕਰਦੇ ਸਨ ਕਿਵੇਂ ਉਨ੍ਹਾਂ ਨੂੰ ਖੌਫਨਾਕ ਤਸੀਹੇ ਦਿਤੇ ਜਾਂਦੇ ਸਨ ਅਤੇ ਫਿਰ ਮਾਰ ਦਿਤਾ ਜਾਂਦਾ ਸੀ।

—ਕਿਵੇਂ ਅੰਮ੍ਰਿਤਧਾਰੀ ਸਿੱਖਾਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ ਸੀ।

—ਕਿਵੇਂ ਔਰਤਾਂ ਨਾਲ ਜਬਰ ਜਨਾਹ ਕੀਤਾ ਜਾਂਦਾ ਸੀ, ਤਸੀਹੇ ਦਿਤੇ ਜਾਂਦੇ ਸਨ ਅਤੇ ਫਿਰ ਉਨ੍ਹਾਂ ਨੂੰ ਮਾਰ ਦਿਤਾ ਜਾਂਦਾ ਸੀ।

ਅਕਾਲ ਤਖ਼ਤ ਦੇ ਮਲਬੇ ਵਿਚੋਂ ਤਕਰੀਬਨ 50 ਲਾਸ਼ਾਂ ਮਿਲੀਆਂ ਸਨ। ਉਨ੍ਹਾਂ ਵਿਚੋਂ ਕੁਝ ਕੁ ਦੀ ਹੀ ਪਛਾਣ ਹੋ ਸਕੀ ਸੀ। ਲੋਕਾਂ ਨੂੰ ਇਹ ਵੇਖਕੇ ਬੜਾ ਸਦਮਾ ਪਹੁੰਚਿਆ ਕਿ ਕਿਵੇਂ ਇਨ੍ਹਾਂ "ਖਾੜਕੂਆਂ" ਦਾ ਇਕ ਜਥਾ ਪੂਰੇ ਦੋ ਦਿਨ ਹਰਿਮੰਦਰ ਸਾਹਿਬ ਦੇ ਅੰਦਰ ਰਿਹਾ ਅਤੇ ਉਥੇ ਹੀ ਟੱਟੀ ਪਿਸ਼ਾਬ ਕਰਦਾ ਰਿਹਾ। ਇਸ ਨਾਲ ਉਨ੍ਹਾਂ ਦਾ "ਸੱਚੇ ਸਿੱਖ" ਹੋਣ ਦਾ ਬੁਰਕਾ ਲਹਿ ਗਿਆ। ਇਹ ਕਹਿੰਦੇ ਸਨ ਕਿ ਉਹ ਲੜਦੇ ਹੋਏ ਜਾਨਾਂ ਦੇ

ਦੇਣਗੇ ਪਰ ਜਿਸ ਤਰੀਕੇ ਨਾਲ ਉਨ੍ਹਾਂ ਨੇ ਹਥਿਆਰ ਸੁਟ ਕੇ ਆਤਮ ਸਮਰਪਣ ਕੀਤਾ ਉਸ ਨਾਲ ਉਨ੍ਹਾਂ ਦੀਆਂ ਬਹਾਦਰੀ ਦੀਆਂ ਫੜ੍ਹਾਂ ਵੀ ਨੰਗੀਆਂ ਹੋ ਗਈਆਂ । ਲੋਕਾਂ ਤੋਂ ਉਨ੍ਹਾਂ ਦਾ ਨਿਖੇੜਾ ਤਕਰੀਬਨ ਮੁਕੰਮਲ ਸੀ । ਇਸ ਦਾ ਇਜ਼ਹਾਰ ਇਸ ਗਲ ਤੋਂ ਹੋ ਜਾਂਦਾ ਹੈ ਕਿ ਤਕਰੀਬਨ ਸਾਰੇ ਅਕਾਲੀ ਦਲਾਂ, ਪੰਥਕ ਕਮੇਟੀ ਅਤੇ ਮੁਖ ਜਥੇਦਾਰਾਂ ਦੇ ਦੋ ਗੁਟਾਂ ਵਲੋਂ ਹਰਿਮੰਦਰ ਸਾਹਿਬ ਉਤੇ ਹੋਏ ਅਖੌਤੀ "ਧਾਵੇ" ਦੇ ਖਿਲਾਫ ਰੋਸ ਵਜੋਂ ਹਰਿਮੰਦਰ ਸਾਹਿਬ ਵੱਲ ਕੂਚ ਕਰਨ ਦੇ ਸੱਦੇ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ ।

ਸਰਕਾਰ ਵਾਸਤੇ ਇਹ ਅਤਿਅੰਤ ਢੁਕਵਾਂ ਸਮਾਂ ਸੀ ਕਿ ਉਹ ਮੰਡ ਦੇ ਇਲਾਕੇ ਵਿਚ (ਦਹਿਸ਼ਤਗਰਦਾਂ ਦੇ ਇਕ ਹੋਰ ਅੱਡੇ) ਵਿਚ ਹਮਲਾ ਜਾਰੀ ਰਖਦੀ ਅਤੇ ਨਾਲ ਦੇ ਨਾਲ ਰਾਜਨੀਤਕ ਹਲ ਲਈ ਸਹੀ ਰਾਜਨੀਤਕ ਪਹਿਲਕਦਮੀ ਕਰਦੀ । ਮੌਕਾਪ੍ਰਸਤੀ ਕਾਰਨ ਅਜਿਹਾ ਨਹੀਂ ਕੀਤਾ ਗਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਦਹਿਸ਼ਤਗਰਦ ਮੁੜ ਜਥੇਬੰਦ ਹੋ ਗਏ ।

ਜੋ ਕੁਝ ਅਸੀਂ ਉਪਰ ਕਿਹਾ ਹੈ ਉਸ ਦਾ ਇਹ ਅਰਥ ਨਹੀਂ ਕਿ ਦਹਿਸ਼ਤਗਰਦਾਂ ਵਿਚ ਭੁਟਕੇ ਹੋਏ ਨੌਜਵਾਨ ਸ਼ਾਮਲ ਨਹੀਂ । ਉਹ ਹਨ ਅਤੇ ਉਨ੍ਹਾਂ ਨੂੰ ਮੁਖ ਧਾਰਾ ਵਿਚ ਲਿਆਉਣ ਲਈ ਹਰ ਹੀਲਾ ਕਰਨ ਦੀ ਲੋੜ ਹੈ । ਪਰੰਤੂ ਇਹ ਯਤਨ ਤਾਂ ਹੀ ਫਲਣਗੇ ਜੇ ਦਹਿਸ਼ਤਗਰਦ ਜਥੇਬੰਦੀਆਂ ਦੀ ਰੀੜ੍ਹ ਦੀ ਹੱਡੀ ਜਮਾ ਤੋੜ ਦਿਤੀ ਜਾਵੇ ।

ਇਹ ਗੱਲ ਹੋਰ ਸਪੱਸ਼ਟ ਕਰਨ ਦੀ ਲੋੜ ਹੈ । ਅਸੀਂ ਅੱਤਵਾਦੀਆਂ ਨਾਲ ਗੱਲਬਾਤ ਕਰਨ ਦੇ ਖਿਲਾਫ ਨਹੀਂ ਪ੍ਰੰਤੂ ਇਹ ਉਦੋਂ ਨਾ ਕੀਤੀ ਜਾਵੇ ਜਦੋਂ ਇਸ ਨਾਲ ਅੱਤਵਾਦੀਆਂ ਨੂੰ ਮਦਦ ਮਿਲਦੀ ਹੋਵੇ ਅਤੇ ਸੁਰਖਿਆ ਬਲਾਂ ਦਾ ਹੌਂਸਲਾ ਡਿਗਦਾ ਹੋਵੇ । ਸਹੀ ਸਮਾਂ ਉਹੀ ਹੋਵੇਗਾ ਜਦੋਂ ਉਹ ਖਾਲਿਸਤਾਨ ਦੇ ਨਾਲ ਨਾਲ ਸਿਖ ਧਰਮ ਦੇ ਅਧਾਰ ਉਤੇ ਰਾਜ ਦੀ ਮੰਗ ਨੂੰ ਛਡ ਦੇਣ ਅਤੇ ਕਤਲ ਬੰਦ ਕਰ ਦੇਣ । ਜੇ ਮਿਜ਼ੋਰਮ ਅਤੇ ਲਾਲਡੇਂਗਾ ਨਾਲ ਗਲਬਾਤ ਦਾ ਕੋਈ ਸਹੀ ਸਬਕ ਹੈ ਤਾਂ ਉਹ ਇਹੀ ਹੈ ।

ਪੈਸਾ ਇਕੱਠਾ ਕਰਨ ਅਤੇ ਭਰਤੀ ਕਰਨ ਦੇ ਢੰਗ ਤਰੀਕੇ

ਪੰਜਾਬ ਵਿਚਲੇ ਦਹਿਸ਼ਤਗਰਦ ਹੇਠ ਲਿਖੇ ਮੁਖ ਵਸੀਲਿਆਂ ਤੋਂ ਪੈਸਾ ਇਕੱਠਾ ਕਰਦੇ ਹਨ :

1. ਗੈਰ ਹਿੰਦੁਸਤਾਨੀ ਕਰੋੜਪਤੀ ਸਿੱਖਾਂ, ਸਮੇਤ ਬਦੇਸ਼ਾਂ ਵਿਚ ਬੈਠੇ ਇਸ "ਕਾਜ਼" ਦੇ ਹਮਦਰਦਾਂ, ਵਲੋਂ ਭਾਰੀ ਰਕਮਾਂ ਆਈਆਂ ਹਨ । ਬਾਹਰਲੇ ਮੁਲਕਾਂ ਵਿਚ ਜਿਨ੍ਹਾਂ ਗੁਰ-ਦੁਆਰਿਆਂ ਉਤੇ ਅਤਵਾਦੀਆਂ ਦਾ ਕਬਜ਼ਾ ਹੈ ਉਥੇ ਇਕੱਠੀ ਹੋਣ ਵਾਲੀ ਰਕਮ ਵੀ ਇਸੇ ਮੰਤਵ ਲਈ ਵਰਤੀ ਜਾਂਦੀ ਹੈ ।

2. ਬੰਬਈ, ਕਲਕੱਤੇ ਆਦਿ ਜਿਹੇ ਵੱਡੇ ਸ਼ਹਿਰਾਂ ਵਿਚ ਬੈਠੇ ਇਸ "ਕਾਜ਼" ਦੇ ਹਮਾਇਤੀਆਂ ਕੋਲੋਂ ਵੀ ਭਾਰੀ ਰਕਮਾਂ ਉਗਰਾਹੀਆਂ ਗਈਆਂ ਹਨ ।

3. ਪੰਜਾਬ ਦੇ ਜਿਨ੍ਹਾਂ ਗੁਰਦੁਆਰਿਆਂ ਉਤੇ ਦਹਿਸ਼ਤਗਰਦਾਂ ਜਾਂ ਉਹਨਾਂ ਦੇ ਹਮਾਇਤੀਆਂ ਦਾ ਜਦੋਂ ਕਬਜ਼ਾ ਹੁੰਦਾ ਹੈ ਤਾਂ ਉਨ੍ਹਾਂ ਦੀਆਂ ਰਕਮਾਂ ਵੀ ਵਰਤੀਆਂ ਜਾਂਦੀਆਂ ਹਨ।

4. ਬੈਂਕ ਡਾਕੇ, ਲੁੱਟਾਂ ਆਦਿ। ਲੁੱਟਖੋਹ ਦੇ ਕੁਝ ਮਾਮਲਿਆਂ ਵਿਚ ਉਹਨਾਂ ਦਾ ਸ਼ਿਕਾਰ ਸਿਖ ਹੁੰਦੇ ਹਨ। ਉਹ ਮਿੰਨਤ ਕਰਦੇ ਹਨ ਕਿ ਉਨ੍ਹਾਂ ਨੂੰ ਛਡ ਦਿਤਾ ਜਾਵੇ। ਉਨ੍ਹਾਂ ਨੂੰ ਇਹ ਦਸਿਆ ਜਾਂਦਾ ਹੈ ਕਿ ਉਹ ਦਹਿਸ਼ਤਗਰਦਾਂ ਦੀ ਮੰਗ "ਹਮਦਰਦੀ" ਨਾਲ ਪੂਰੀ ਕਰ ਦੇਣ ਜਾਂ ਬੰਦੂਕ ਦੀ ਨੋਕ ਤੇ ਮਰਜ਼ੀ ਉਨ੍ਹਾਂ ਦੀ ਹੈ।

5. ਜਬਰੀ ਉਗਰਾਹੀ। ਪਹਿਲਾਂ ਤਾਂ ਹਿੰਦੂ ਵਪਾਰੀ, ਸਨਅਤਕਾਰ ਆਦਿ ਨਿਸ਼ਾਨਾ ਹੁੰਦੇ ਸਨ। ਫਿਰ ਇਹ ਦਾਇਰਾ ਵਧ ਕੇ ਸਿਖ ਵਪਾਰੀਆਂ ਅਤੇ ਸਨਅਤਕਾਰਾਂ ਆਦਿ ਤਕ ਜਾ ਪੁਜਾ ਤੇ ਉਸ ਤੋਂ ਮਗਰੋਂ ਚੰਗੇ ਖੁਸ਼ਹਾਲ ਜ਼ਿਮੀਦਾਰਾਂ ਤਕ।

ਇਸ ਕਾਰਵਾਈ ਦਾ ਦਿਲਚਸਪ ਪਹਿਲੂ ਵਿਚੋਲਿਆਂ ਦੀ ਮਦਦ ਨਾਲ ਦਿਤੀ ਜਾਣ ਵਾਲੀ ਅਸਲ ਰਕਮ ਬਾਰੇ ਹੋਣ ਵਾਲੀ ਸੌਦੇਬਾਜ਼ੀ ਹੈ। ਕੁਝ ਹਾਲਤਾਂ ਵਿਚ ਜਿਥੇ ਰਕਮ ਦੇਣ ਵਾਲਿਆਂ ਅਤੇ ਦਹਿਸ਼ਤਗਰਦਾਂ ਦੀ ਆਪਸ ਵਿਚ ਜਾਣ ਪਛਾਣ ਹੁੰਦੀ ਹੈ ਉਥੇ ਰਕਮਾਂ ਘਟਾਉਣ ਵਿਚ ਉਨ੍ਹਾਂ ਦੀ "ਮਦਦ" ਕੀਤੀ ਜਾਂਦੀ ਹੈ। ਯਕੀਨਨ ਸੌਦੇਬਾਜ਼ੀ ਵੇਲੇ ਏ ਕੇ—47 ਚੀਨੀ ਅਸਾਲਟ ਰਾਇਫਲ ਤੇ ਹੋਰ ਨਵੀਂ ਕਿਸਮ ਦੇ ਹਥਿਆਰ ਵਿਖਾਏ ਜਾਂਦੇ ਹਨ। ਇਹਦੀ ਇਕੋ ਦੀ ਕੀਮਤ ਹਜ਼ਾਰ ਹੈ। "ਸਾਨੂੰ ਇਹੋ ਜਿਹੀਆਂ ਬਹੁਤ ਸਾਰੀਆਂ ਚਾਹੀਦੀਆਂ ਹਨ ਇਸ ਕਰਕੇ ਅਸੀਂ ਆਪਣੀ ਮੰਗ ਨੂੰ ਘਟਾ ਨਹੀਂ ਸਕਦੇ। ਜਾਂ ਤਾਂ ਇਹ ਰਕਮ ਦੇ ਦੇਵੋ ਜਾਂ......" ਇਹੋ ਜਿਹੀਆਂ ਗੱਲਾ ਕੀਤੀਆਂ ਜਾਂਦੀਆਂ ਹਨ ਜਿਸ ਵੇਲੇ ਦੂਜੇ ਪਾਸੇ ਵਿਚੋਲਾ ਘਟ ਕਰਨ ਲਈ ਮਿੰਨਤ ਤਰਲਾ ਕਰ ਰਿਹਾ ਹੁੰਦਾ ਹੈ।

ਕਿਸੇ ਖਾਸ ਸਕੂਲ ਦੇ ਅਧਿਆਪਕਾਂ ਜਿਹੇ ਗਰੁਪਾਂ ਨੂੰ ਨਿਸ਼ਚਿਤ ਮਾਸਿਕ ਉਗਰਾਹੀ ਦੇਣੀ ਪੈਂਦੀ ਹੈ।

6. **ਅਗਵਾ ਕਰਕੇ ਰਕਮਾਂ ਉਗਰਾਹੁਣਾ**—ਇਹ ਤਰੀਕਾ ਹੁਣੇ ਜਿਹੇ ਅੰਮ੍ਰਿਤਸਰ ਦੇ ਪੱਟੀ ਸਬ ਡਵੀਜ਼ਨ ਵਿਚ ਵਰਤਣਾ ਸ਼ੁਰੂ ਕੀਤਾ ਹੈ। ਮੁਖ ਨਿਸ਼ਾਨਾ ਸ਼ੈਲਰਾਂ ਤੇ ਭਠਿਆਂ ਦੇ ਮਾਲਕ ਜਾਂ ਉਨ੍ਹਾਂ ਦੇ ਬੱਚੇ ਜਾਂ ਤਕੜੇ ਦੁਕਾਨਦਾਰ ਹੁੰਦੇ ਹਨ। ਮੰਗੀਆਂ ਜਾਣ ਵਾਲੀਆਂ ਰਕਮਾਂ ਕਾਫੀ ਭਾਰੀ ਹੁੰਦੀਆਂ ਹਨ। ਕੁਝ ਹਾਲਤਾਂ ਵਿਚ ਵਿਚੋਲੇ ਰਕਮਾਂ ਕੁਝ ਘਟ ਕਰਵਾ ਦਿੰਦੇ ਹਨ। ਕੁਝ ਮਾਮਲਿਆਂ ਵਿਚ ਯਰਗਮਾਲ ਬਣਾਏ ਗਏ ਲੋਕਾਂ ਨੂੰ ਗੋਲੀਆਂ ਵੀ ਮਾਰ ਦਿਤੀਆਂ ਜਾਂਦੀਆਂ ਹਨ। ਹਿੰਦੂ ਅਤੇ ਸਿੱਖ ਦੋਵੇਂ ਹੀ ਨਿਸ਼ਾਨਾ ਬਣਦੇ ਹਨ। ਕੁਝ ਛੋਟੇ ਪੈਮਾਨੇ ਤੇ ਇਉਂ ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਜ਼ਿਲ੍ਹਿਆਂ ਵਿਚ ਵੀ ਕਾਫੀ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਹੈ।

7. ਭਿੰਡਰਾਂਵਾਲੇ ਦੇ ਸਮੇਂ ਤੋਂ ਹੀ ਇਕ ਹੋਰ ਤਰੀਕਾ ਅੱਜ ਤਕ ਚਲਦਾ ਆ ਰਿਹਾ ਹੈ। ਸਿਰਫ ਸਮੇਂ ਸਮੇਂ ਥੋੜ੍ਹਾ ਬਹੁਤਾ ਫਰਕ ਹੁੰਦਾ ਹੈ। ਕਿਸੇ ਦੇ ਖਿਲਾਫ ਕਿਸੇ ਦੀ ਸ਼ਿਕਾਇਤ ਤੇ ਦੋਹਾਂ ਧਿਰਾਂ ਨੂੰ ਸੱਦ ਲਿਆ ਜਾਂਦਾ ਹੈ। ਫੈਸਲਾ ਸੁਣਾਇਆ ਜਾਂਦਾ ਹੈ ਅਤੇ ਇਸ

ਨੂੰ ਲਾਗੂ ਕਰਵਾਇਆ ਜਾਂਦਾ ਹੈ ਮੌਤ ਦੇ ਡਰ ਹੇਠਾਂ। ਇਸ ਫੈਸਲੇ ਤੋਂ ਜਿਸ ਨੂੰ ਫਾਇਦਾ ਪਹੁੰਚਦਾ ਹੈ ਉਸ ਨੂੰ ਜਾ ਦੋਵਾਂ ਧਿਰਾਂ ਨੂੰ ਚੋਖੀ ਰਕਮ ਦੇ ਜਾਣ ਲਈ ਹੁਕਮ ਦਿਤਾ ਜਾਂਦਾ ਹੈ।

੪. ਸਮਾਜ ਸੁਧਾਰ ਦੀ ਅਖੌਤੀ ਲਹਿਰ ਵੇਲੇ ਸ਼ਰਾਬ ਵੇਚਣ ਵਾਲਿਆਂ ਅਤੇ ਹੋਰਨਾਂ ਨੂੰ ਮੁਆਵਜ਼ਾ ਲੈ ਕੇ ਛਡ ਦਿਤਾ ਜਾਂਦਾ ਸੀ।

ਉਪਰ ਦਿਤੀ ਸੂਚੀ, ਹੋ ਸਕਦਾ ਹੈ ਕਿ ਪੂਰੀ ਨਾ ਹੋਵੇ।

ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਇਸ ਤਰ੍ਹਾਂ ਇਕੱਠੀ ਕੀਤੀ ਸਾਰੀ ਰਕਮ ਹਥਿਆਰ ਖਰੀਦਣ, ਭਰਤੀ ਕੀਤੇ ਬੰਦਿਆਂ ਨੂੰ ਦੇਣਆਦਿ ਦੇ "ਕਾਜ਼" ਲਈ ਖਰਚੀ ਜਾਂਦੀ ਹੈ। ਭਾਵੇਂ ਸਾਰੇ ਦਹਿਸ਼ਤਗਰਦਾਂ ਨੇ ਨਹੀਂ ਪਰ ਕੁਝ ਨੇ ਇਸ ਇਕੱਠੀ ਹੋਈ ਰਕਮ ਵਿਚੋਂ ਆਪਣੇ ਐਸ਼ੋ ਆਰਾਮ ਦੀਆਂ ਚੀਜ਼ਾਂ ਅਤੇ ਹੋਰ ਜਾਇਦਾਦ ਖਰੀਦੀ ਹੈ!

ਕੁਝ ਸ਼ਬਦ ਭਰਤੀ ਬਾਰੇ।

ਧਰਮ ਦੇ ਨਾਂ ਤੇ ਅਪੀਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ "ਖਾਲਿਸਤਾਨ" ਦੀ ਵੀ ਇਕ ਤਸਵੀਰ ਪੇਸ਼ ਕੀਤੀ ਜਾਂਦੀ ਹੈ ਜਿਸ ਵਿਚ ਦੁਧ ਤੇ ਸ਼ਹਿਦ ਦੀਆਂ ਨਦੀਆਂ ਵਗਿਆ ਕਰਨਗੀਆਂ ਅਤੇ ਕੋਈ ਵੀ ਬੇਰੁਜ਼ਗਾਰ ਨਹੀਂ ਹੋਵੇਗਾ। ਹਥਿਆਰਾਂ ਅਤੇ ਪੈਸੇ ਦੀ ਵੀ ਖਿਚ ਹੁੰਦੀ ਹੈ। ਜਿਨ੍ਹਾਂ ਦੇ ਮਾਪਿਆਂ ਕੋਲ ਬਾਹਲੀ ਜ਼ਮੀਨ ਨਹੀਂ ਹੁੰਦੀ ਉਹ ਇਸ ਪਾਸੇ ਸੌਖਿਆਂ ਹੀ ਖਿੱਚੇ ਜਾਂਦੇ ਹਨ। ਕੁਝ ਸਮਾਜ ਵਿਰੋਧੀ ਤੱਤ ਵੀ ਦਹਿਸ਼ਤਗਰਦ ਬਣਦੇ ਹਨ ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੇ ਕੰਮ ਨੂੰ "ਇੱਜ਼ਤ" ਮਿਲ ਜਾਂਦੀ ਹੈ।

ਇਸ ਸਾਰੇ ਕੁਝ ਦੇ ਬਾਵਜੂਦ ਇਕ ਮਹੱਤਵਪੂਰਣ ਤੱਥ ਧਿਆਨ ਦੇਣ ਯੋਗ ਹੈ ਕਿ ਅਤੀ ਗਰੀਬ ਸਿੱਖਾਂ ਯਾਨੀ ਸਿੱਖ ਖੇਤ ਮਜ਼ਦੂਰਾਂ ਵਿਚੋਂ ਬਣੇ ਦਹਿਸ਼ਤਗਰਦਾਂ ਦੀ ਗਿਣਤੀ ਨਾਂ ਮਾਤਰ ਹੈ। ਇਥੋਂ ਤਕ ਕਿ ਬਲਿਊ ਸਟਾਰ ਆਪ੍ਰੇਸ਼ਨ ਅਤੇ ਭਿੰਡਰਾਂਵਾਲੇ ਦੇ ਮਰਨ ਬਾਰੇ ਵੀ ਉਨ੍ਹਾਂ ਦੀ ਪ੍ਰਤੀਕਿਰਿਆ ਜ਼ਮੀਨ ਮਾਲਕ ਕਿਸਾਨੀ ਨਾਲੋਂ ਵਖਰੀ ਸੀ। ਮੈਂ ਹੈਰਾਨ ਹਾਂ ਕਿ ਸਾਂਝੀ "ਸਿੱਖ ਮਾਨਸਿਕਤਾ" ਕਹਿਣ ਦੀ ਥਾਂ ਕਿਥੇ ਹੈ। ਅਸਲ ਵਿਚ ਜਿਹੜੇ ਕਹਿੰਦੇ ਵੀ ਹਨ ਉਹ "ਜੱਟ ਸਿੱਖ ਮਾਨਸਿਕਤਾ" ਦੀ ਗੱਲ ਕਰਦੇ ਹਨ। ਇਹ ਗੱਲ ਵੀ ਬਹਿਸਯੋਗ ਹੈ।

ਇਹ ਵੀ ਅਸਲੀਅਤ ਹੈ ਕਿ ਦਹਿਸ਼ਤਗਰਦਾਂ ਦੀ ਚੋਖੀ ਗਿਣਤੀ ਅਮੀਰ ਟੱਬਰਾਂ ਵਿਚੋਂ ਆਈ ਹੈ ਅਤੇ ਉਨ੍ਹਾਂ ਵਿਚੋਂ ਕੁਝ ਤਾਂ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ। ਇਨ੍ਹਾਂ ਦੀ ਮਾਇਕ ਮਦਦ ਕਰਨ ਵਾਲੇ ਰਜ਼ਾਮੰਦੀ ਨਾਲ ਪਨਾਹ ਦੇਣ ਅਤੇ ਹਥਿਆਰਾਂ ਲਈ ਭੰਡਾਰ ਮੁਹਈਆ ਕਰਨ ਵਾਲੇ ਅਤੇ ਬੁੱਧੀਮਾਨ ਸਲਾਹਕਾਰ ਵੱਡੇ ਭੂਮੀਪਤੀਆਂ ਵਿਚੋਂ ਅਤੇ ਕੁਝ ਆਈ ਪੀ ਐਸ ਅਤੇ ਹੋਰ ਚੋਟੀ ਦੇ ਅਫਸਰ ਵੀ ਹਨ। ਆਮ ਤੌਰ ਤੇ ਇਹ ਅਫਸਰ ਰਿਟਾਇਰ ਹੋ ਚੁਕੇ ਹਨ ਪਰੰਤੂ ਅਜੇ ਕੰਮ ਕਰ ਰਹੇ ਅਫਸਰਾਂ ਦੇ ਵੀ ਉਨ੍ਹਾਂ ਨਾਲ ਰਲੇ ਹੋਣ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕੁਝ ਬੜੀ ਬੁਰੀ ਤਰ੍ਹਾਂ ਫੜੇ ਗਏ ਸਨ ਅਤੇ ਉਨ੍ਹਾਂ ਨੂੰ ਨੌਕਰੀਓਂ ਬਰਖਾਸਤ ਕਰਨਾ ਪਿਆ ਸੀ।

ਜਿਸ ਵੇਲੇ ਦਹਿਸ਼ਤਗਰਦ ਐਨ ਥੱਲੇ ਲਗੇ ਹੁੰਦੇ ਹਨ ਤਾਂ ਭਰਤੀ ਕਾਫੀ ਘਟ ਜਾਂਦੀ ਹੈ ਪਰ ਜਦੋਂ ਉਨ੍ਹਾਂ ਦਾ ਹਥ ਉਪਰ ਹੁੰਦਾ ਹੈ ਜਾਂ ਸੁਰਖਿਆ ਬਲਾਂ ਨੂੰ ਆਪਣਾ ਹੱਥ ਰੋਕਕੇ ਰਖਣ ਦਾ ਹੁਕਮ ਹੁੰਦਾ ਹੈ ਭਰਤੀ ਵਧ ਜਾਂਦੀ ਹੈ। ਘਟੋ ਘਟ ਅੰਮ੍ਰਿਤਸਰ ਵਿਚ ਤਾਂ ਇਹੀ ਤਜਰਬਾ ਰਿਹਾ ਹੈ।

ਮੈਨੂੰ ਇਹੋ ਜਿਹੇ ਇਕ ਤੋਂ ਵਧੇਰੇ ਮਮਲਿਆਂ ਦਾ ਪਤਾ ਹੈ ਜਦੋਂ ਕੋਈ ਨੌਜਵਾਨ ਉਨ੍ਹਾਂ ਵਿਚ ਸ਼ਾਮਲ ਹੋਇਆ ਹੋਵੇ ਅਤੇ ਅੱਕ ਕੇ ਉਨ੍ਹਾਂ ਨੂੰ ਛਡ ਗਿਆ ਹੋਵੇ। ਉਸ ਨੂੰ ਫਿਰ ਉਨ੍ਹਾਂ ਨਾਲ ਰਲਣਾ ਪਿਆ ਹੋਵੇ ਜਦੋਂ ਉਹਨੂੰ ਕਿਹਾ ਗਿਆ ਹੋਵੇ ਕਿ "ਜੇ ਤੂੰ ਸਾਡੇ ਨਾਲ ਨਾ ਰਲਿਆ ਤਾਂ ਤੈਨੂੰ ਤੇ ਤੇਰੇ ਟੱਬਰ ਨੂੰ ਖਤਮ ਕਰ ਦਿਤਾ ਜਾਵੇਗਾ।"

ਕੁਝ ਹੋਰ ਸਬੰਧਤ ਨੁਕਤੇ

1. ਇਹ ਸਹੀ ਕਿਹਾ ਜਾਂਦਾ ਹੈ ਕਿ ਪੰਜਾਬ ਅੰਦਰਲੀ ਸਮਸਿਆ ਦਾ ਇਕ ਕਾਰਨ ਇਹ ਵੀ ਹੈ ਕਿ ਇਕ ਸਮੇਂ ਪੰਜਾਬ ਦੇ ਬਹੁਗਿਣਤੀ ਹਿੰਦੂਆਂ ਨੇ ਖੁਲ੍ਹਮ ਖੁਲ੍ਹਾ ਸੱਚ ਨੂੰ ਪਿਠ ਦਿੰਦਿਆਂ ਹੋਇਆਂ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਣ ਤੋਂ ਇਨਕਾਰ ਕੀਤਾ ਸੀ ਅਤੇ ਆਪਣੀ ਬੋਲੀ ਹਿੰਦੀ ਲਿਖਵਾਈ ਸੀ। ਲੋਕਾਂ ਨੇ ਇੰਜ ਉਸ ਵੇਲੇ ਦੇ ਜਨ ਸੰਘ ਅਤੇ ਹਿੰਦੂ ਕਾਂਗਰਸੀ ਲੀਡਰਾਂ ਵਲੋਂ ਦਿਤੀ ਸਲਾਹ ਤੇ ਕੀਤਾ ਸੀ। ਪਰੰਤੂ ਇਹ ਵੀ ਸਚਾਈ ਦਾ ਇਕ ਹਿਸਾ ਹੀ ਹੈ। ਦੂਜਾ ਹਿਸਾ ਏਨਾ ਹੀ ਗਲਤ ਅਤੇ ਢਾਹੂ ਹੈ। ਅਕਾਲੀ ਪਾਰਟੀ ਆਪਣੇ ਆਪ ਨੂੰ ਪੰਜਾਬੀ ਬੋਲੀ ਦੀ ਚੈਂਪੀਅਨ ਸਮਝਦੀ ਹੈ ਜਿਵੇਂ ਕਿ ਇਹ ਬੋਲੀ ਸਿੱਖ ਧਰਮ ਦਾ ਹਿਸਾ ਹੁੰਦੀ ਹੈ ਅਤੇ ਉਨ੍ਹਾਂ ਨੇ ਇਸ ਦੇ ਵਿਕਾਸ ਨੂੰ ਆਪਣੀ ਸਿੱਖ ਰਾਜ ਦੀ ਮੂਲ ਮੰਗ ਨਾਲ ਜੋੜ ਲਿਆ ਅਤੇ ਫਿਰ ਇਕ ਅਜਿਹੇ ਪੰਜਾਬੀ ਬੋਲਣ ਵਾਲੇ ਇਲਾਕੇ ਦੀ ਮੰਗ ਕਰ ਲਈ ਜਿਸ ਵਿਚ ਘਟੋ ਘਟ ਸਠ ਫੀਸਦੀ ਸਿੱਖ ਹੋਣ।

ਦੋਹਾਂ ਕਿਸਮਾਂ ਦੇ ਫਿਰਕਾਪ੍ਰਸਤਾਂ ਨੇ ਮਹਾਨ ਭਾਰਤੀ ਕੌਮ ਦੇ ਦਾਇਰੇ ਅੰਦਰ ਪੰਜਾਬੀ ਕੌਮੀਅਤ ਦੀ ਚੇਤਨਾ ਦੇ ਵਿਕਾਸ ਵਿਚ ਵਿਘਨ ਪਾਉਣ ਵਿਚ ਭਾਰੀ ਹਿਸਾ ਪਾਇਆ ਹੈ। ਉਨ੍ਹਾਂ ਦੇ ਇਸ ਕੀਤੇ ਹੋਏ ਨੂੰ ਮੁੜ ਸੂਤ ਕਰਨਾ ਲੰਮੇ ਸਮੇਂ ਦਾ ਕੰਮ ਹੈ। ਇਹਦੇ ਵਾਸਤੇ ਨਾ ਸਿਰਫ ਧਰਮ ਨੂੰ ਸਿਆਸਤ ਨਾਲੋਂ, ਧਰਮ ਨੂੰ ਰਾਜ ਨਾਲੋਂ ਨਿਖੇੜਨ ਦੀ ਲੋੜ ਹੈ ਸਗੋਂ ਭਾਸ਼ਾ ਅਰਥਾਤ ਪੰਜਾਬੀ ਭਾਸ਼ਾ ਨੂੰ ਵੀ ਧਰਮ ਨਾਲੋਂ ਵਖਰਾ ਕਰਨ ਦੀ ਲੋੜ ਹੈ। ਕੁਝ ਖੱਬੇ ਪੱਖੀ ਬੁਧੀਜੀਵੀਆਂ ਸਮੇਤ ਕਈ ਬੁਧੀਜੀਵੀ ਇਸ ਲੜਾਈ ਦੀ ਲੋੜ ਤੋਂ ਇਨਕਾਰ ਕਰਦੇ ਹਨ ਅਤੇ ਇਸ ਦੇ ਵਾਸਤੇ ਤਿਆਰ ਨਹੀਂ। ਉਹ ਇਹ ਖਤਰਨਾਕ ਸਿਧਾਂਤ ਪੇਸ਼ ਕਰ ਰਹੇ ਹਨ ਕਿ ਅਜ ਸਿਰਫ ਸਿੱਖ ਹੀ ਪੰਜਾਬੀ ਹਨ, ਸਿੱਖ ਪੰਜਾਬੀ ਕੌਮੀਅਤ ਦੀ ਲੜਾਈ ਲੜ ਰਹੇ ਹਨ, ਉਹ ਇਸ ਲੜਾਈ ਦੇ ਮੋਹਰੀ ਹਨ, ਵਗੈਰਾ ਵਗੈਰਾ। ਮੇਰਾ ਤੌਖਲਾ ਹੈ ਕਿ ਉਨ੍ਹਾਂ ਦੇ ਇਸ ਸਿਧਾਂਤ ਨਾਲ ਅਤਵਾਦੀਆਂ ਨੂੰ ਮਦਦ ਮਿਲਦੀ ਹੈ ਅਤੇ ਭਾਵੇਂ ਅਣਜਾਣੇ ਹੀ ਸਹੀ ਉਹ ਇਸ ਤਰੀਕੇ ਨਾਲ ਦਹਿਸ਼ਤਗਰਦ ਕਾਤਲਾਂ ਦੀ ਵੀ ਮਦਦ ਕਰਦੇ ਹਨ।

2. ਇਕ ਵਿਚਾਰ ਇਹ ਵੀ ਹੈ ਕਿ ਰੁਜ਼ਗਾਰ ਮੁਹਈਆ ਕਰਨ ਵਾਲਾ ਸਹੀ ਮਾਇ-ਨਿਆਂ ਵਿਚ ਯਕਮੁਸ਼ਤ ਆਰਥਕ ਪੈਕੇਜ ਹੋਣ ਨਾਲ ਸਮਸਿਆ ਦਾ ਹਲ ਹੋ ਜਾਵੇਗਾ। ਜਿਥੋਂ ਤਕ ਪਿਛਲੀਆਂ ਗਲਤੀਆਂ ਨੂੰ ਠੀਕ ਕਰਨ ਅਤੇ ਪੰਜਾਬ ਵਿਚ ਸਨਅਤ ਦੇ ਵਿਕਾਸ ਵਲ ਉਚਿਤ ਧਿਆਨ ਦੇਣ ਦੀ ਲੋੜ ਹੈ ਇਹ ਸੁਆਗਤੀ ਗੱਲ ਹੈ। ਲੰਮੇ ਸਮੇਂ ਵਿਚ ਇਸ ਨਾਲ ਪੰਜਾਬ ਦੇ ਰਾਜਨੀਤਕ ਜੀਵਨ ਵਿਚ ਮਜ਼ਦੂਰ ਜਮਾਤ ਦਾ ਅਸਰ ਵਧੇਗਾ ਅਤੇ ਫੁਟ ਪਾਊ ਸ਼ਕਤੀਆਂ ਨੂੰ ਧੱਕਾ ਲਗੇਗਾ। ਫਿਰ ਵੀ ਇਹ ਇਕ ਭੁਲੇਖਾ ਹੀ ਹੈ ਕਿ ਯਕਮੁਸ਼ਤ ਆਰਥਿਕ ਸਹੂਲਤਾਂ ਦੇਣ ਨਾਲ ਜਾਦੂ ਦੇ ਡੰਡੇ ਵਾਂਗ ਇਸ ਸਮਸਿਆ ਨੂੰ ਤੁਰਤ ਫੁਰਤ ਹਲ ਕਰ ਲਿਆ ਜਾਵੇਗਾ। ਆਖਰ ਪ੍ਰਧਾਨ ਮੰਤਰੀ ਨੇ ਕੁਝ ਵਰ੍ਹੇ ਪਹਿਲਾਂ ਪੰਜਾਬ ਨੂੰ ਰੇਲਵੇ ਕੋਚ ਫੈਕਟਰੀ ਵੀ ਤਾਂ ਹੀ ਸੌਂਪੀ ਸੀ ਅਤੇ ਇਹਦੇ ਨਾਲ ਕੁਝ ਹੋਰ ਆਰਥਕ ਸਹੂਲਤਾਂ ਵੀ ਦਿਤੀਆਂ ਸਨ। ਇਹ ਕੋਚ ਫੈਕਟਰੀ ਉਤਪਾਦਨ ਸ਼ੁਰੂ ਕਰਨ ਹੀ ਵਾਲੀ ਹੈ। ਕੀ ਇਹਦੇ ਨਾਲ ਦਹਿਸ਼ਤਗਰਦੀ ਖਤਮ ਹੋ ਗਈ ਹੈ। ਜਵਾਬ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ। ਸਮਸਿਆ ਦਾ ਮਹੱਤਵਪੂਰਨ ਪਹਿਲੂ ਹੋਰ ਵੀ ਹੈ।

ਪੂੰਜੀਵਾਦੀ ਪ੍ਰਬੰਧ ਥੱਲੇ ਲੋੜ ਅਤੇ ਅਸਲ ਸੰਭਾਵੀ ਸਮਰਥਾ ਤੋਂ ਕਿਤੇ ਘੱਟ ਵਿਕਾਸ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਪਛੜੇ ਹੋਏ ਖੇਤਰਾਂ ਦੀਆਂ ਖਾਸ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸਾਰੇ ਰਾਜਾਂ ਵਿਚ ਸਾਵਾਂ ਤੇ ਬਰਾਬਰ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਲੋੜ ਹੈ ਕਿ ਸਾਰੀਆਂ ਅਗਾਂਹ ਵਧੂ ਸ਼ਕਤੀਆਂ ਸਮੁਚੇ ਤੌਰ ਤੇ ਦੇਸ਼ ਦੇ ਵਧੇਰੇ ਵਿਕਾਸ ਲਈ ਅਤੇ ਅਗਾਂਹ ਪੂੰਜੀਵਾਦ ਵਿਰੋਧੀ ਰਾਹ ਉਤੇ ਚਲਣ ਲਈ ਲੜਾਈ ਕਰਨ। ਅੱਜ ਦੀ ਹਾਲਤ ਵਿਚ ਭਾਰਤ ਵਿਚ ਬਣਨ ਵਾਲੀ ਕੋਈ ਵੀ ਸਰਕਾਰ ਕਿਸੇ ਇਕ ਰਾਜ ਨੂੰ ਵੱਡੀਆਂ ਆਰਥਕ ਸਹੂਲਤਾਂ ਦੇਣ ਲਈ ਬਾਕੀ ਰਾਜਾਂ ਨੂੰ ਵਿਕਾਸ ਦੇ ਪ੍ਰਾਜੈਕਟਾਂ ਤੋਂ ਵਾਂਝਿਆ ਨਹੀਂ ਕਰ ਸਕਦੀ। ਇਹ ਬੜੀ ਸੀਮਤ ਹਦ ਤਕ ਕੀਤਾ ਜਾ ਸਕਦਾ ਹੈ। ਇਥੇ ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਅਸਲ ਵਿਚ ਕੇਰਲ ਨੂੰ ਦਿਤੀ ਜਾਣ ਵਾਲੀ ਰੇਲਵੇ ਕੋਚ ਫੈਕਟਰੀ ਪੰਜਾਬ ਨੂੰ ਦਿਤੇ ਜਾਣ ਨਾਲ ਕੀ ਵਾਪਰਿਆ ਸੀ। ਉਸ ਵੇਲੇ ਕੇਰਲਾ ਵਿਚ ਚਲਦੀ ਕਾਂਗਰਸ (ਆਈ) ਦੀ ਸਰਕਾਰ ਦੇ ਇਕ ਮੰਤਰੀ ਨੇ ਧਮਕੀ ਦਿਤੀ ਸੀ ਕਿ ਉਹ ਵੀ ਕੇਰਲ ਵਿਚ ਪੰਜਾਬ ਜਿਹੀ ਹਾਲਤ ਪੈਦਾ ਕਰ ਦੇਣਗੇ। ਇਥੋਂ ਤਕ ਕਿ ਕੇਰਲ ਦੀਆਂ ਖੱਬੀਆਂ ਪਾਰਟੀਆਂ ਦੇ ਸੰਘੋਂ ਵੀ ਕੋਚ ਫੈਕਟਰੀ ਕੇਰਲ ਕੋਲੋਂ ਲੈ ਲਏ ਜਾਣ ਦਾ ਫੈਸਲਾ ਨਹੀਂ ਉਤਰਿਆ। ਇਕ ਪੰਜਾਬੀ ਹੋਣ ਦੇ ਨਾਤੇ ਮੈਂ ਪੰਜਾਬ ਨੂੰ ਮਿਲਣ ਵਾਲੀਆਂ ਆਰਥਕ ਸਹੂਲਤਾਂ ਦਾ ਸਵਾਗਤ ਕਰਦਾ ਹਾਂ। ਪਰੰਤੂ ਮੈਂ ਇਸ ਭੁਲੇਖੇ ਵਿਚ ਉਕਾ ਹੀ ਨਹੀਂ ਕਿ ਇਹ ਕੋਈ ਮੰਤਰ ਹੈ। ਇਸ ਤੋਂ ਇਲਾਵਾ, ਅਸਲ ਵਿਚ ਵੱਡ ਪੱਧਰ ਉਤੇ ਪੰਜਾਬ ਦੀ ਤਰੱਕੀ ਸਮੁਚੇ ਦੇਸ਼ ਦੀ ਇਕਸਾਰ ਤਰੱਕੀ ਨਾਲ ਕੀਤੀ ਜਾ ਸਕਦੀ ਹੈ ਨਾ ਕਿ ਕਿਸੇ ਰਾਜ ਦੀ ਤਰੱਕੀ ਘਟਾਕੇ। ਇਕ ਰਾਜ ਦੀ ਤਰੱਕੀ ਦੀ ਕੀਮਤ ਤੇ ਕਿਸੇ ਦੂਜੇ ਰਾਜ ਦੀ ਤਰੱਕੀ ਕਰਨ ਨਾਲ ਹੋਰ ਸਮਸਿਆਵਾਂ ਖੜ੍ਹੀਆਂ ਹੋ ਜਾਣਗੀਆਂ।

ਸਰਕਾਰੀ ਨੀਤੀਆਂ ਦੇ ਕੁਝ ਹੋਰ ਨਾਂਹ ਪੱਖੀ ਪਹਿਲੂ

ਉਪਰ ਸਰਕਾਰ ਦੀਆਂ ਕੁਝ ਨਾਂਹ-ਪੱਖੀ ਨੀਤੀਆਂ ਬਾਰੇ ਅਸੀਂ ਚਰਚਾ ਕਰ ਚੁਕੇ ਹਾਂ। ਸਰਕਾਰੀ ਨੀਤੀਆਂ ਦੇ ਕੁਝ ਹੋਰ ਨਾਂਹ-ਪੱਖੀ ਪਹਿਲੂਆਂ ਉਤੇ ਵੀ ਵਿਚਾਰ ਕਰਨ ਦੀ ਲੋੜ ਹੈ।

1. ਪੁਲਸ ਸਮੇਤ ਪ੍ਰਸ਼ਾਸਨ ਵਿਚ ਅਜੇ ਵੀ ਕਾਫੀ ਤਤ ਅਜਿਹੇ ਹਨ ਜਿਹੜੇ ਅੱਤ-ਵਾਦੀਆਂ ਦੇ ਹਮਾਇਤੀ ਹਨ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਉਨ੍ਹਾਂ ਦੀ ਮਦਦ ਕਰਦੇ ਹਨ। ਇਕ ਸਮਾਂ ਸੀ ਜਦੋਂ ਗਵਰਨਰ-ਇਨ-ਕੌਂਸਲ ਵਲੋਂ ਲਏ ਹੋਏ ਫੈਸਲੇ ਵੀ ਇਕ ਘੰਟੇ ਦੇ ਅੰਦਰ ਅੰਦਰ ਦਹਿਸ਼ਤਗਰਦਾਂ ਦੇ ਆਗੂਆਂ ਕੋਲ ਪਹੁੰਚ ਜਾਂਦੇ ਸਨ ਅਤੇ ਦਹਿ-ਸ਼ਤਗਰਦਾਂ ਵਿਚ ਕੰਮ ਕਰਨ ਵਾਲਾ ਸਰਕਾਰੀ ਸੂਹੀਆ ਮਹਿਕਮਾ ਨਖਿਧ ਸਾਬਤ ਹੁੰਦਾ ਸੀ। ਪਰੰਤੂ ਹਾਲਤ ਅਜੇ ਵੀ ਤਸੱਲੀਬਥਸ਼ ਹੱਦ ਤਕ ਸੁਧਰੀ ਨਹੀਂ। ਇਸ ਹਾਲਤ ਨੂੰ ਬਿਹਤਰ ਬਣਾਉਣ ਵਾਸਤੇ ਉਪਾਅ ਕਰਨ ਦੀ ਲੋੜ ਹੈ।

2. ਪੁਲਸ ਵਿਚ ਬਹੁਤ ਭ੍ਰਿਸ਼ਟਾਚਾਰ ਹੈ। ਭ੍ਰਿਸ਼ਟਾਚਾਰ ਦੇ ਮਨੋਰਥ ਤੋਂ ਇਲਾਵਾ ਪੁਲਸ ਅਤੇ ਸੁਰਖਿਆ ਬਲਾਂ ਵਲੋਂ ਹੋਰ ਕਾਰਨਾਂ ਕਰਕੇ ਵੀ ਜ਼ਿਆਦਤੀਆਂ ਕੀਤੀਆਂ ਜਾਂਦੀਆਂ ਹਨ। ਮਿਸਾਲ ਵਜੋਂ ਵੇਖਣ ਪਰਖਣ ਵਿਚ ਗਲਤੀ, ਜ਼ਿਆਦਾ ਤਿਖੀ ਪ੍ਰਤੀ-ਕਿਰਿਆ, ਸਥਾਨਕ ਦੁਸ਼ਮਣੀਆਂ ਵਿਚ ਅਫਸਰਾਂ/ਕਰਮਚਾਰੀਆਂ ਦਾ ਉਲਝ ਜਾਣਾ ਅਤੇ ਕਿਸੇ ਇਕ ਧਿਰ ਦੇ ਕਹਿਣ ਤੇ ਦੂਸਰੀ ਧਿਰ ਨਾਲ ਜ਼ਿਆਦਤੀਆਂ ਕਰਨੀਆਂ ਆਦਿ, ਇਤਿਆਦਿ। ਪੁਲਸ ਵਲੋਂ ਜ਼ਿਆਦਤੀ ਕਰਕੇ ਪੈਸਾ ਬਣਾਉਣ ਦੀਆਂ ਅਨੇਕਾਂ ਮਿਸਾਲਾਂ ਹਨ। ਉਹਨਾਂ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਹਿੰਦੂਆਂ ਜਾਂ ਸਿਖਾਂ ਵਿਚੋਂ ਕੋਈ ਇਕੋ ਧਿਰ ਹੀ ਨਹੀਂ।

ਇਨ੍ਹਾਂ ਸਾਰੀਆਂ ਜ਼ਿਆਦਤੀਆਂ ਦੇ ਖਿਲਾਫ ਸਿਰਫ ਨਿਆਂ ਦੇ ਪੱਖੋਂ ਹੀ ਲੜਣਾ ਜ਼ਰੂਰੀ ਨਹੀਂ ਸਗੋਂ ਇਸ ਕਰਕੇ ਵੀ ਲੜਨਾ ਜ਼ਰੂਰੀ ਹੈ ਕਿ ਇਹੋ ਜਿਹੀਆਂ ਜ਼ਿਆਦਤੀਆਂ ਅੱਤਵਾਦੀਆਂ ਨੂੰ ਫਾਇਦਾ ਪਹੁੰਚਾਉਂਦੀਆਂ ਹਨ। ਭਾਵੇਂ ਅੱਤਵਾਦੀ ਇਨ੍ਹਾਂ ਜ਼ਿਆਦਤੀਆਂ ਦੀਆਂ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦਿਆ ਫਾਇਦਾ ਉਠਾਉਂਦੇ ਹਨ ਪਰ ਖਬੀਆਂ ਪਾਰਟੀਆਂ ਇਨ੍ਹਾਂ ਜ਼ਿਆਦਤੀਆਂ ਦੀ ਅਸਲੀਅਤ ਨੂੰ ਨੰਗਾ ਕਰਦੀਆਂ ਆ ਰਹੀਆਂ ਹਨ। ਤੇ ਨਿੱਗਰ ਰੂਪ ਵਿਚ ਨਿਆਂ ਲਈ ਲੜਦੀਆਂ ਹਨ। ਮੈਂ ਸਰਕਾਰੀ ਦਹਿਸ਼ਤਗਰਦੀ ਦੇ ਸਿਧਾਂਤ ਦਾ ਹਮਾਇਤੀ ਨਹੀਂ। ਜ਼ਿਆਦਾਤੀਆਂ ਅਤੇ ਸਰਕਾਰੀ ਦਹਿਸ਼ਤਗਰਦੀ ਇਕੋ ਚੀਜ਼ ਨਹੀਂ। ਦੋਵੇਂ ਇਕ ਦੂਸਰੇ ਨਾਲੋਂ ਬਹੁਤ ਜ਼ਿਆਦਾ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਦਹਿਸ਼ਤ-ਗਰਦਾਂ ਵਲੋਂ ਕੀਤੇ ਜਾਣ ਵਾਲੇ ਕਤਲਾਂ ਲਈ ਸਰਕਾਰੀ ਦਹਿਸ਼ਤਗਰਦੀ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਸਿਧਾਂਤ ਪੇਸ਼ ਕੀਤਾ ਜਾਂਦਾ ਹੈ। ਅੱਜ ਇਹ ਦਲੀਲ ਦਿਤੀ ਜਾਂਦੀ ਹੈ ਕਿ ਨਿੱਜੀ ਦਹਿਸ਼ਤਗਰਦੀ ਸਰਕਾਰੀ ਦਹਿਸ਼ਤਗਰਦੀ ਦਾ ਨਤੀਜਾ ਹੈ। ਇਹ ਅਸਲੀਅਤ ਨੂੰ ਸਿਰ ਭਾਰ ਕਰਨ ਵਾਲੀ ਗਲ ਹੈ।

3. ਜਿਥੋਂ ਤਕ ਪ੍ਰਸ਼ਾਸਕ ਮੋਰਚੇ ਉਤੇ ਦਹਿਸ਼ਤਗਰਦੀ-ਵਿਰੋਧੀ ਲੜਾਈ ਲੜਣ ਦਾ ਸਬੰਧ ਹੈ ਸਰਕਾਰ ਇਉਂ ਕਰਦੀ ਚਲੀ ਆ ਰਹੀ ਹੈ। ਜਿਵੇਂ ਇਸ ਦਾ ਅਰਥ ਸਿਰਫ ਏਨਾ ਹੀ ਹੈ ਕਿ ਪੁਲਸ ਅਤੇ ਸੁਰਖਿਆ ਬਲਾਂ ਵਲੋਂ ਕੀਤੀ ਜਾਣ ਵਾਲੀ ਲੜਾਈ।

ਦਹਿਸ਼ਤਗਰਦ ਕਈ ਮੋਰਚਿਆਂ ਤੇ ਕੰਮ ਕਰਦੇ ਆ ਰਹੇ ਹਨ।

ਸਿਖਿਆ ਦੇ ਖੇਤਰ ਵਿਚ ਉਨ੍ਹਾਂ ਨੇ ਭਾਰੀ ਗਿਣਤੀ ਵਿਚ ਅਧਿਆਪਕਾਂ ਦੇ ਕਤਲ ਕੀਤੇ ਹਨ। ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਸਕੂਲ ਸਿਖਿਆ ਤਾਂ ਅਸਲ ਵਿਚ ਬੰਦ ਹੀ ਹੋ ਚੁਕੀ ਹੈ। ਉਚੇਰੀ ਸਿਖਿਆ ਦੀਆਂ ਸਰਕਾਰੀ ਸੰਸਥਾਵਾਂ ਸਮੇਤ ਕੁਝ ਸੰਸਥਾਵਾਂ ਤਾਂ ਦਹਿਸ਼ਤਗਰਦਾਂ ਜਾਂ ਉਨ੍ਹਾਂ ਲਈ ਸਮਾਜ ਵਿਰੋਧੀ ਅਨਸਰਾਂ ਦੇ ਸੰਭਾਲ ਕੇਂਦਰ ਅਤੇ ਇਥੋਂ ਤਕ ਕਿ ਕਾਰਵਾਈ ਦੇ ਕੇਂਦਰ ਬਣ ਚੁਕੀਆਂ ਹਨ। ਇਨ੍ਹਾਂ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਭਾਰੀ ਗਿਣਤੀ ਬੇਵਸ ਅਤੇ ਅੱਕੀ ਹੋਈ ਮਹਿਸੂਸ ਕਰਦੀ ਹੈ।

ਪੰਜਾਬ ਬਿਜਲੀ ਬੋਰਡ, ਬੈਂਕਾਂ ਅਤੇ ਸਿਹਤ ਵਿਭਾਗ ਦੇ ਵੀ ਬਹੁਤ ਸਾਰੇ ਕਰਮ-ਚਾਰੀ ਮਾਰ ਦਿਤੇ ਗਏ ਹਨ। ਕੁਝ ਖਾਸ ਇਲਾਕਿਆਂ ਵਿਚ ਤਾਂ ਉਨ੍ਹਾਂ ਦੀਆਂ ਸ਼ਾਖਾਵਾਂ ਅਸਲ ਵਿਚ ਬੰਦ ਹੀ ਕਰ ਦਿਤੀਆਂ ਗਈਆਂ ਹਨ।

ਦਹਿਸ਼ਤਗਰਦ ਨਿਆਂਪ੍ਰਣਾਲੀ ਨੂੰ ਬੇਕਾਰ ਕਰਨ ਵਿਚ ਕਾਮਯਾਬ ਹੋ ਗਏ ਹਨ। ਦਰਜਨਾਂ ਕਤਲ ਕਰਨ ਵਾਲਿਆਂ ਦੀਆਂ ਜ਼ਮਾਨਤਾਂ ਹੋ ਜਾਂਦੀਆਂ ਹਨ। ਜੇ ਕਿਸੇ ਪਿਤਾ ਦੀਆਂ ਆਪਣੀਆਂ ਅੱਖਾਂ ਸਾਹਵੇਂ ਉਸ ਦੇ ਪੁਤਰ ਦਾ ਕਤਲ ਹੋ ਜਾਵੇ ਤਾਂ ਉਹ ਵੀ ਦਹਿਸ਼ਤਗਰਦਾਂ ਦੇ ਖਿਲਾਫ ਗਵਾਹੀ ਨਹੀਂ ਦਿੰਦਾ। ਹੁਣੇ ਜਿਹੇ ਸਰਕਾਰ ਦੇ ਇਕ ਬੁਲਾਰੇ ਨੇ ਇਕ ਅਹਿਮ ਇਕਬਾਲ ਕੀਤਾ ਹੈ ਕਿ ਸਰਕਾਰ ਅਜੇ ਤਕ ਕਿਸੇ ਵੀ ਦਹਿਸ਼ਤਗਰਦ ਕਾਤਲ ਨੂੰ ਸਜ਼ਾ ਨਹੀਂ ਦੁਆ ਸਕੀ।

ਦਹਿਸ਼ਤਗਰਦ ਖੇਤਾਂ ਅਤੇ ਡੰਡੀਆਂ ਰਾਹੀਂ ਆਉਂਦੇ ਜਾਂਦੇ ਹਨ। ਸੁਰਖਿਆ ਬਲ ਲਿੰਕ ਸੜਕਾਂ ਵੀ ਨਹੀਂ ਵਰਤ ਸਕਦੇ ਕਿਉਂਕਿ ਇਹ ਸੜਕਾਂ ਏਨੀਆਂ ਟੁਟ ਭਜ ਗਈਆਂ ਗਈਆਂ ਹਨ ਕਿ ਇਨ੍ਹਾਂ ਉਤੇ ਗੱਡੀਆਂ ਬੰਦੇ ਦੀ ਪੈਦਲ ਤੋਰ ਜਿੰਨੀਆਂ ਵੀ ਨਹੀਂ ਤੁਰ ਸਕਦੀਆਂ। ਸਬੰਧਤ ਮਹਿਕਮਿਆਂ ਨੂੰ ਅਜੇ ਏਨਾ ਵੀ ਨਹੀਂ ਸੁਝਿਆ ਕਿ ਦਹਿਸ਼ਤਗਰਦਾਂ ਦੇ ਗੜ੍ਹਾਂ ਵਿਚ ਪਹਿਲ ਦੇ ਅਧਾਰ ਉਤੇ ਟੁਟੀਆਂ ਲਿੰਕ ਸੜਕਾਂ ਦੀ ਮੁਰੰਮਤ ਹੀ ਕਰ ਲਈ ਜਾਵੇ।

ਸੰਖੇਪ ਵਿਚ, ਸਾਰੇ ਵਿਭਾਗਾਂ ਨੂੰ ਨਾਲ ਲੈ ਕੇ ਦਹਿਸ਼ਤਗਰਦੀ ਦੇ ਖਿਲਾਫ ਲੜਾਈ ਦੀ ਕੋਈ ਵਿਆਪਕ ਨੀਤੀ ਘੜਨ ਵਿਚ ਨਾਕਾਮਯਾਬੀ ਚਲੀ ਆ ਰਹੀ ਹੈ। ਕੋਈ ਹੈਰਾਨੀ ਦੀ ਗਲ ਨਹੀਂ ਕਿ ਕੁੰਜੀਵਤ ਅਤੇ ਨਾਜ਼ੁਕ ਅਹਿਮੀਅਤ ਵਾਲੇ ਵਿਭਾਗਾਂ ਦੇ ਸਕੱਤਰ ਵਿਦੇਸ਼ਾਂ ਦੇ ਲੰਮੇ ਦੌਰਿਆਂ ਤੇ ਰਹਿੰਦੇ ਹਨ। ਕਿੰਨਾ ਸਮਾਂ ਤਾਂ ਪੁਲਸ ਦੀ ਮੁਨਾਸਬ ਸਿਖ-ਲਾਈ ਵੀ ਸ਼ੁਰੂ ਨਹੀਂ ਕਰਵਾਈ ਗਈ। ਅਜੇ ਹੁਣੇ ਜਿਹੇ ਤਕ ਸੁਰਖਿਆ ਬਲਾਂ ਕੋਲ ਦਹਿਸ਼ਤਗਰਦਾਂ ਦੇ ਮੁਕਾਬਲੇ ਕਿਤੇ ਘਟੀਆ ਹਥਿਆਰ ਸਨ। ਕਾਫੀ ਲੰਮਾ ਚਿਰ ਤਾਂ ਉਨ੍ਹਾਂ ਨੂੰ ਰਾਤ ਨੂੰ ਵੇਖ ਸਕਣ ਵਾਲੇ ਯੰਤਰਾਂ ਜਿਹੇ ਬੁਨਿਆਦੀ ਅਹਿਮੀਅਤ ਵਾਲੇ ਯੰਤਰ ਵੀ

ਮੁਹਈਆ ਨਹੀਂ ਕੀਤੇ ਗਏ ਸਨ। ਹੁਣੇ ਜਿਹੇ ਇਸ ਸਥਿਤੀ ਵਿਚ ਕੁਝ ਬਿਹਤਰੀ ਆਈ ਹੈ। ਪਰੰਤੂ ਬਾਹਲੀ ਤੇਜ਼ ਨਹੀਂ। ਬਹੁਤ ਸਮਾਂ ਤਾਂ ਭਾਰਤ-ਪਾਕਿ ਸਰਹੱਦ ਨੂੰ ਵਧ ਤੋਂ ਵਧ ਸੰਭਵ ਹਦ ਤਕ ਸੀਲ ਕਰਨ ਵਲ ਵੀ ਮੁਨਾਸਬ ਧਿਆਨ ਨਹੀਂ ਦਿਤਾ ਗਿਆ।

ਅਜੇ ਵੀ ਜਿੰਨਾ ਛੇਤੀ ਹੋ ਸਕੇ ਇਨ੍ਹਾਂ ਘਾਟਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਹੱਲ

ਜਿਹੜੇ ਇਹ ਕਹਿੰਦੇ ਹਨ ਕਿ ਪੰਜਾਬ ਦੀ ਸਮਸਿਆ ਨਿਰੀ ਕਾਨੂੰਨ ਤੇ ਵਿਵਸਥਾ ਦੀ ਸਮਸਿਆ ਹੈ, ਗਲਤ ਹਨ। ਇਸੇ ਤਰ੍ਹਾਂ ਉਹ ਵੀ ਏਨੇ ਹੀ ਗਲਤ ਹਨ ਜਿਹੜੇ ਇਸ ਨੂੰ ਨਿਰੀ ਰਾਜਨੀਤਕ ਸਮਸਿਆ ਸਮਝਦੇ ਹਨ। ਇਹ ਦੋਹਾਂ ਤਰ੍ਹਾਂ ਦੀ ਹੀ ਸਮਸਿਆ ਹੈ ਅਤੇ ਇਸ ਨੂੰ ਦੋਹਾਂ ਫਰੰਟਾਂ ਉਤੇ ਸਿਝਣਾ ਚਾਹੀਦਾ ਹੈ।

I. ਇਹਨੂੰ ਹਲ ਕਰਨ ਵਾਸਤੇ ਹੇਠ ਲਿਖੇ ਕਦਮ ਫੌਰੀ ਤੌਰ ਤੇ ਚੁਕਣੇ ਚਾਹੀਦੇ ਹਨ:

1. ਦਹਿਸ਼ਤਗਰਦਾਂ ਉਤੇ ਕੀਤਾ ਜਾਣ ਵਾਲਾ ਹਮਲਾ ਓਨਾ ਚਿਰ ਲਗਾਤਾਰ ਚਲਦਾ ਰਹਿਣਾ ਚਾਹੀਦਾ ਹੈ ਜਿੰਨਾ ਚਿਰ ਉਨ੍ਹਾਂ ਦਾ ਲਕ ਨਹੀਂ ਟੁਟ ਜਾਂਦਾ। ਵਧੀਕੀਆਂ ਤੋਂ ਗੁਰੇਜ਼ ਕਰਨਾ ਲਾਜ਼ਮੀ ਹੈ।

2. ਕਾਤਲਾਂ ਅਤੇ ਉਨ੍ਹਾਂ ਨੂੰ ਜਥੇਬੰਦ ਕਰਨ ਵਾਲਿਆਂ ਤੋਂ ਬਗੈਰ ਜੋਧਪੁਰ ਵਿਚ ਬੰਦ ਸਾਰੇ ਨਜ਼ਰਬੰਦ ਬਿਨਾਂ ਸਰਤ ਰਿਹਾ ਕਰ ਦਿਤੇ ਜਾਣ।

3. ਨਵੰਬਰ 1984 ਵਿਚ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਨੂੰ ਜਥੇਬੰਦ ਕਰਨ ਵਾਲਿਆਂ ਦੇ ਖਿਲਾਫ ਮੁਕੱਦਮੇ ਚਲਾਏ ਜਾਣ।

4. ਪੰਜਾਬ ਸਮੇਤ ਸਾਰੇ ਰਾਜਾਂ ਨੂੰ ਵਧੇਰੇ ਸ਼ਕਤੀਆਂ ਦਿਤੀਆਂ ਜਾਣ ਪਰੰਤੂ ਪੰਜਾਬ ਨੂੰ ਕੋਈ ਖਾਸ ਦਰਜਾ ਨਾ ਦਿਤਾ ਜਾਵੇ ਕਿਉਂਕਿ ਇਸ ਨਾਲ ਇਹ ਇਕ ਧਰਮ ਅਧਾਰਤ ਰਾਜ ਬਣਨ ਵਲ ਵਧੇਗਾ।

5. ਇਲਾਕਾਈ ਅਤੇ ਦਰਿਆਈ ਪਾਣੀਆਂ ਦੇ ਝਗੜਿਆਂ ਲਈ ਵਧ ਤੋਂ ਵਧ ਸੰਭਵ ਸਾਂਝੀ ਰਾਏ ਬਣਾਉਣ ਵਾਸਤੇ ਸਾਰੀਆਂ ਪਾਰਟੀਆਂ ਦੀ ਕੌਮੀ ਪਧਰ ਦੀ ਮੀਟਿੰਗ ਸੱਦੀ ਜਾਵੇ। ਮੀਟਿੰਗ ਤੋਂ ਪਹਿਲਾਂ ਜਾਂ ਮੀਟਿੰਗ ਦੇ ਦੌਰਾਨ ਸਾਰੀਆਂ ਕੌਮੀ ਪਧਰ ਦੀਆਂ ਪਾਰਟੀਆਂ ਇਹ ਪ੍ਰਣ ਕਰਨ ਕਿ ਉਨ੍ਹਾਂ ਦੀਆਂ ਸੂਬਾਈ ਇਕਾਈਆਂ ਇਸ ਸਾਂਝੀ ਰਾਏ ਉਤੇ ਕਾਇਮ ਰਹਿਣਗੀਆਂ ਅਤੇ ਇਕ ਦੂਸਰੇ ਦੇ ਖਿਲਾਫ ਸਟੈਂਡ ਨਹੀਂ ਲੈਣਗੀਆਂ। ਸਾਰੇ ਸਬੰਧਤ ਰਾਜਾਂ ਵਿਚ ਜਾਣ ਅਤੇ ਇਸ ਸਾਂਝੀ ਰਾਏ ਨੂੰ ਪ੍ਰਵਾਨ ਕਰਨ ਵਾਸਤੇ ਲੋਕਾਂ ਨੂੰ ਅਪੀਲ ਕਰਨ। ਨਿਸ਼ਚੇ ਹੀ ਅਜਿਹੀ ਸਾਂਝੀ ਰਾਏ ਕੌਮੀ ਹਿਤਾਂ ਨੂੰ ਧਿਆਨ ਵਿਚ ਰਖਕੇ, ਲੈਣ ਅਤੇ ਦੇਣ ਦੀ ਭਾਵਨਾ ਅਤੇ ਕਿਸੇ ਰਾਜ ਨਾਲ ਅਨਿਆਂ ਨਾ ਕਰਦਿਆਂ ਹੋਇਆਂ ਬਣਾਈ ਜਾ ਸਕਦੀ ਹੈ। ਸਿਰਫ ਇਹੀ ਇਕ ਤਰੀਕਾ ਹੈ ਜਿਸ ਨਾਲ ਰਾਜੀਵ-ਲੌਂਗੋਵਾਲ ਸਮਝੌਤੇ ਦੀ ਭਾਵਨਾ ਕਾਇਮ ਰਖੀ ਜਾ ਸਕਦੀ ਹੈ।

II. ਵਖਵਾਦੀ ਦਹਿਸ਼ਤਗਰਦਾਂ ਨੂੰ ਨਿਖੇੜਣ ਲਈ, ਕਤਲਾਂ ਦੇ ਖਿਲਾਫ, ਵਧੀਕੀਆਂ ਦੇ ਖਿਲਾਫ, ਖਾਲਿਸਤਾਨ ਅਤੇ ਹਿੰਦੂ ਰਾਜ ਦੇ ਨਾਹਰੇ ਦੇ ਖਿਲਾਫ, ਉਪਰ ਦਿਤੀਆਂ ਮੰਗਾਂ ਦੇ ਹੱਕ ਵਿਚ, ਧਾਰਮਕ ਸਥਾਨਾਂ ਦੀ ਦੁਰਵਰਤੋਂ ਦੇ ਖਿਲਾਫ, "ਬਦਲੇ" ਅਤੇ "ਮੋੜਵੀਂ ਕਾਰਵਾਈ" ਦੇ ਨਾਹਰੇ ਦੇ ਖਿਲਾਫ, ਧਰਮ ਅਤੇ ਸਿਆਸਤ ਨੂੰ, ਧਰਮ ਅਤੇ ਰਾਜ ਨੂੰ ਆਪੋ ਵਿਚੀਂ ਨਿਖੇੜਣ ਦੇ ਲਈ ਸਾਰੀਆਂ ਧਰਮ ਨਿਰਪਖ, ਅਤੇ ਦੇਸ ਭਗਤ ਪਾਰਟੀਆਂ, ਗਰੁਪਾਂ ਵਲੋਂ ਸਾਂਝੇ ਤੌਰ ਤੇ ਅਤੇ ਵਖਰਿਆਂ ਹੇਠਲੇ ਜਨਤਕ ਪਧਰ ਉਤੇ ਸ਼ਕਤੀਸ਼ਾਲੀ ਮੁਹਿਮ ਚਲਾਈ ਜਾਵੇ ।

ਯਕੀਨਨ, ਸਾਂਝੇ ਪਲੇਟਫਾਰਮ ਤੋਂ ਸਾਂਝੇ ਤੌਰ ਤੇ ਮੰਨੇ ਹੋਏ ਮੁਦਿਆਂ ਉਤੇ ਹੀ ਗੱਲ-ਬਾਤ ਕੀਤੀ ਜਾਵੇਗੀ । ਕੋਈ ਵੀ ਇਸ ਸਾਂਝੇ ਪਲੇਟਫਾਰਮ ਨੂੰ ਕਿਸੇ ਨਾਲ ਦੀ ਦੂਸਰੀ ਪਾਰਟੀ ਦੇ ਖਿਲਾਫ ਨਾ ਵਰਤੇ ਕਿਉਂਕਿ ਇਸ ਨਾਲ ਇਹ ਮੁਹਿੰਮ ਅਸੰਭਵ ਹੋ ਜਾਵੇਗੀ ।

III. ਤਜਰਬਾ ਦਰਸਾਉਂਦਾ ਹੈ ਕਿ ਜਥੇਬੰਦ ਮਜ਼ਦੂਰ ਜਮਾਤ ਅਤੇ ਖੇਤ ਮਜ਼ਦੂਰ ਨਾ ਸਿਰਫ ਵਖਵਾਦ, ਅੱਤਵਾਦ ਅਤੇ ਫਿਰਕਾਪ੍ਰਸਤੀ ਦੇ ਹਥ ਹੀ ਨਹੀਂ ਚੜ੍ਹੇ ਸਗੋਂ ਇਨ੍ਹਾਂ ਦੋਹਾਂ ਤਾਕਤਾਂ ਨੇ ਵੱਡੇ ਪੱਧਰ ਉਤੇ ਨਾਜ਼ਕ ਹਾਲਤਾਂ ਵੇਲੇ ਦਖਲ ਦੇ ਕੇ ਸਥਿਤੀ ਨੂੰ ਬਚਾ-ਇਆ ਹੈ । ਇਥੇ ਥਾਂ ਦੀ ਘਾਟ ਕਾਰਨ ਇਨ੍ਹਾਂ ਤਾਕਤਾਂ ਵਲੋਂ ਕੀਤੀਆਂ ਕਾਰਵਾਈਆਂ ਦਾ ਵਰਣਨ ਨਹੀਂ ਕੀਤਾ ਜਾ ਰਿਹਾ । ਸਬਕ ਇਹ ਹੈ ਕਿ ਰਾਜ ਦੇ ਜਨਤਕ ਅਤੇ ਰਾਜਨੀਤਕ ਜੀਵਨ ਵਿਚ ਇਨ੍ਹਾਂ ਤਾਕਤਾਂ ਦਾ ਜ਼ੋਰ ਵਧਾਉਣ ਲਈ ਹਰ ਸੰਭਵ ਹੀਲਾ ਕੀਤਾ ਜਾਣਾ ਜ਼ਰੂਰੀ ਹੈ ।

ਪਾਰਟੀਆਂ ਦਾ ਰੋਲ

ਇਥੇ ਵਖੋ ਵਖ ਪਾਰਟੀਆਂ ਦੇ ਰੋਲ ਦਾ ਪੂਰੀ ਤਰ੍ਹਾਂ ਵਰਣਨ ਨਹੀਂ ਕੀਤਾ ਜਾ ਰਿਹਾ । ਫਿਰ ਵੀ ਇਥੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਖੱਬੀਆਂ ਪਾਰਟੀਆਂ (ਦੋਵੇਂ ਕਮਿਊ-ਨਿਸਟ ਪਾਰਟੀਆਂ ਅਤੇ ਕੁਝ ਨਕਸਲੀ ਗਰੁਪਾਂ) ਨੇ ਆਪਣੇ ਤੌਰ ਤੇ ਅਤੇ ਪਹਿਲਕਦਮੀ ਕਰਕੇ ਬਾਕੀ ਸਿਆਸੀ ਪਾਰਟੀਆਂ ਨੂੰ ਕਈ ਮੌਕਿਆਂ ਤੇ ਇਕੱਠਾ ਕਰਕੇ ਸਾਂਝੀ ਮੁਹਿੰਮ ਚਲਾ ਕੇ ਦਹਿਸ਼ਤਗਰਦੀ ਦੇ ਖਿਲਾਫ ਪ੍ਰਮੁਖ ਰੋਲ ਨਿਭਾਇਆ ਹੈ । ਕਮਿਊਨਿਸਟ ਪਾਰਟੀਆਂ ਤੇ ਨਕਸਲੀ ਗਰੁਪਾਂ ਨੇ ਵਖਰਿਆਂ ਵਖਰਿਆਂ ਅਤੇ ਸਾਂਝੇ ਤੌਰ ਤੇ ਵੀ ਮੁਹਿੰਮਾਂ ਚਲਾਈਆਂ ਹਨ । ਸਾਰਿਆਂ ਨੇ ਹੀ ਵਡੀ ਕੀਮਤ ਤਾਰੀ ਹੈ ਪਰ ਕਮਿਊਨਿਸਟਾਂ ਨੇ ਅਤੇ ਖਾਸ ਤੌਰ ਤੇ ਭਾਰਤੀ ਕਮਿਊਨਿਸਟ ਪਾਰਟੀ ਨੇ ਜ਼ਿਆਦਾ ਸਭ ਤੋਂ ਵਧ ਕੀਮਤ ਤਾਰੀ ਹੈ । ਆਪਣੀਆਂ ਕੁਰਬਾਨੀਆਂ ਦੇ ਕੇ ਕਮਿਊਨਿਸਟਾਂ ਨੇ ਸਿਧ ਕਰ ਦਿਤਾ ਹੈ ਕਿ ਉਹ ਨਾ ਸਿਰਫ ਅੰਤਰ-ਰਾਸ਼ਟਰੀਵਾਦੀ ਹੀ ਹਨ ਸਗੋਂ ਸ਼ਾਨਦਾਰ ਦੇਸ਼ਭਗਤ ਵੀ ਹਨ ।

ਭਾਰਤੀ ਕਮਿਊਨਿਸਟ ਪਾਰਟੀ ਨੇ ਪੰਜਾਬ ਮਸਲੇ ਨੂੰ ਲੈ ਕੇ ਪੰਜਾਬ ਤੋਂ ਇਲਾਵਾ ਬਾਕੀ ਦੇਸ਼ ਵਿਚ ਵੀ ਮੁਹਿੰਮ ਚਲਾਈ ਹੈ । ਕਿਉਂਕਿ ਇਹ ਮਸਲਾ ਸਿਰਫ ਸੂਬਾਈ

ਨਹੀਂ ਕੌਮੀ ਹੈ ਅਤੇ ਸਮੁਚੇ ਦੇਸ਼ ਦਾ ਭਵਿਖ ਇਸ ਮਸਲੇ ਨੂੰ ਠੀਕ ਤਰ੍ਹਾਂ ਨਜਿਠਣ ਵਿਚ ਹੈ। ਪੰਜਾਬ ਇਸਤਰੀ ਸਭਾ ਇਕੋ ਇਕ ਅਜਿਹੀ ਜਨਤਕ ਜਥੇਬੰਦੀ ਹੈ ਜਿਹੜੀ ਦਹਿਸ਼ਤ-ਗਰਦਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਗੈਰ-ਫਿਰਕੂ ਆਧਾਰ ਤੇ ਰਾਹਤ ਪਹੁੰਚਾਉਣ ਦਾ ਸ਼ਾਨਦਾਰ ਕੰਮ ਕਰ ਰਹੀ ਹੈ। (ਇਸ ਕੰਮ ਵਿਚ ਯਤੀਨਨ ਪਹਿਲਾ ਥਾ ਹਿੰਦ ਸਮਾਚਾਰ ਅਖਬਾਰ ਗਰੁਪ ਵਲੋਂ ਕਾਇਮ ਕੀਤੇ ਸ਼ਹੀਦ ਪਰਿਵਾਰ ਫੰਡ ਦਾ ਹੈ) । ਇਸਤਰੀ ਸਭਾ ਦਹਿਸ਼ਤਗਰਦੀ ਕਾਰਨ ਯਤੀਮ ਹੋਏ ਬੱਚਿਆਂ ਨੂੰ ਆਪਣੀ ਪੜ੍ਹਾਈ ਜਾਰੀ ਰਖਣ ਲਈ ਵਜ਼ੀਫੇ ਦਿੰਦੀ ਹੈ। ਇਸ ਸਕੀਮ ਨੇ ਵੱਡੀ ਗਿਣਤੀ ਵਿਚ ਲੋਕਾਂ ਦਾ ਧਿਆਨ ਆਪਣੇ ਵਲ ਖਿਚਿਆ ਹੈ। ਇਸ ਸਕੀਮ ਲਈ ਦੇਸ਼ ਭਰ ਵਿਚੋਂ ਫੰਡ ਮਿਲ ਰਹੇ ਹਨ । ਫੰਡ ਇਕੱਠਾ ਕਰਨ ਵਿਚ ਕੌਮੀ ਭਾਰਤੀ ਮਹਿਲਾ ਫੈਡਰੇਸ਼ਨ ਦੀਆਂ ਇਕਾਈਆਂ ਅਤੇ ਜੀਵਨ ਦੇ ਵਖ ਵਖ ਖੇਤਰਾਂ ਨਾਲ ਸਬੰਧਤ ਬਹੁਤ ਸਾਰੇ ਵਿਅਕਤੀ ਮੁਖ ਰੋਲ ਨਿਭਾ ਰਹੇ ਹਨ। ਇਹ ਨਿਆਪੂਰਾ ਕੋਈ ਮਾਨਵਵਾਦੀ ਅਤੇ ਪਰ-ਉਪਕਾਰੀ ਕੰਮ ਹੀ ਨਹੀਂ ਸਗੋਂ ਇਹ ਸਾਡੇ ਦੇਸ ਅਤੇ ਕੌਮ ਦੀ ਅਨੇਕਤਾ ਵਿਚ ਏਕਤਾ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦਾ ਹੈ।

ਆਖਰੀ ਪਰ ਅਹਿਮ, ਇਹ ਸਵਾਲ ਹੀ ਨਹੀਂ ਕਿ ਭਾਰਤ ਇਕ ਰਹੇਗਾ ਜਾਂ ਨਹੀਂ। ਦੁਨੀਆਂ ਦੀ ਕੋਈ ਤਾਕਤ ਪੰਜਾਬ ਨੂੰ ਭਾਰਤ ਨਾਲੋਂ ਨਿਖੇੜ ਨਹੀਂ ਸਕਦੀ। ਅਸੀਂ ਜਿਸ ਭਰੋਸੇ ਇਹ ਗੱਲ ਕਹਿ ਰਹੇ ਹਾਂ ਉਹਦਾ ਆਧਾਰ ਇਹ ਹੈ ਕਿ ਦਹਿਸ਼ਤਗਰਦ ਪੰਜਾਬ ਵਿਚ ਹਿੰਦੂ-ਸਿੱਖ ਫਸਾਦ ਉਕਾ ਹੀ ਭੜਕਾ ਨਹੀਂ ਸਕੇ ਭਾਵੇਂ ਹਿੰਦੂ ਫਿਰਕਾਪ੍ਰਸਤਾਂ ਨੇ ਵੀ ਆਪਣੇ ਤਰੀਕੇ ਨਾਲ ਫਸਾਦ ਭੜਕਾਉਣ ਵਿਚ ਉਹਨਾਂ ਦੀ ਮਦਦ ਕੀਤੀ ਹੈ। ਇਸ ਕੰਮ ਵਿਚ ਇਹ ਪੂਰੀ ਤਰ੍ਹਾਂ ਫੇਲ੍ਹ ਹੋਏ ਹਨ। ਅਸਲ ਸਵਾਲ ਤਾਂ ਇਹ ਹੈ ਕਿ ਪੰਜਾਬ ਵਿਚ ਫੈਲੀ ਇਸ ਦਹਿਸ਼ਤਗਰਦੀ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਅਤੇ ਇਸਨੂੰ ਮੁਕੰਮਲ ਹਾਰ ਦੇਣ ਤੋਂ ਪਹਿਲਾਂ ਹੋਰ ਕਿੰਨੀਆਂ ਨਿਰਦੋਸ਼ ਜਾਨਾਂ ਜਾਣਗੀਆਂ। ਇਸ ਸਵਾਲ ਦਾ ਜਵਾਬ ਸਾਡੇ ਸਾਰਿਆਂ ਉਤੇ ਨਿਰਭਰ ਕਰਦਾ ਹੈ ਕਿ ਵਖ ਵਖ ਰਾਜਨੀਤਕ ਪਾਰਟੀਆਂ ਨਾਲ ਸਬੰਧਤ ਅਤੇ ਗੈਰ-ਪਾਰਟੀ ਲੋਕਾਂ, ਹਿੰਦੂਆਂ, ਸਿਖਾਂ, ਮੁਸਲਮਾਨਾਂ ਤੇ ਇਸਾਈਆਂ, ਔਰਤਾਂ ਬੱਚਿਆਂ ਅਤੇ ਬੁਢਿਆਂ ਦੇ ਪਿਛਲੇ ਦਸ ਸਾਲਾਂ ਦੌਰਾਨ ਅਣਗਿਣਤ ਲੋਕਾਂ ਦੇ ਵਹੇ ਖ਼ੂਨ ਦੀ ਪੁਕਾਰ ਨੂੰ ਅਸੀਂ ਕਿਵੇਂ ਹੁੰਗਾਰਾ ਭਰਦੇ ਹਾਂ। ਸਾਰੇ ਦੇਸ਼ਭਗਤਾਂ ਨੂੰ ਉਹਨਾਂ ਦੀ ਇਹੀ ਪੁਕਾਰ ਹੈ: "ਹੁਣ ਹੀ ਆਪਣੀ ਅਸਲੀ ਵੁਕਤ ਦੱਸਣ ਦਾ ਸਮਾਂ ਹੈ। ਭਾਰਤ ਨੂੰ ਅਤੇ ਇਹਦੇ ਲੋਕਾਂ ਨੂੰ ਇਕ ਰਖਣ ਵਾਸਤੇ ਅਤੇ ਇਸਦੇ ਸ਼ਾਨਦਾਰ ਭਵਿੱਖ ਵਾਸਤੇ ਜੋ ਕੁਝ ਤੁਸੀਂ ਕਰ ਸਕਦੇ ਹੋ ਕਰੋ ਅਤੇ ਇਸ ਉੱਚੇ ਕਾਜ਼ ਲਈ ਪੂਰੀ ਤਰ੍ਹਾਂ ਡੱਟ ਜਾਓ।"

7-11-88.

ਪੰਜਾਬੀ ਰੂਪ—ਗੁਰਦੀਪ

ਪੰਜਾਬ ਵਿਚ ਦਹਿਸ਼ਤਗਰਦੀ ਦੀ ਡੂੰਘੀ ਪੜਚੋਲ ਕਰਦੀ

ਸਤਪਾਲ ਡਾਂਗ

ਦੀ ਇਕ ਹੋਰ ਅਹਿਮ ਰਚਨਾ

ਦਹਿਸ਼ਤਗਰਦੀ ਦੀਆਂ ਜੜ੍ਹਾਂ ਕਿਥੇ ਹਨ

ਕੀਮਤ : 20 ਰੁਪਏ

ਮਿਲਣ ਦਾ ਪਤਾ :

ਸ਼ਹੀਦ ਨਛਤਰ ਧਾਲੀਵਾਲ ਪ੍ਰਕਾਸ਼ਨ, ਮੋਗਾ

ਛਾਪਕ : ਪੂਰਨਾ ਪ੍ਰਿੰਟਿੰਗ ਪ੍ਰੈਸ, ਬੀ-52, ਫੇਸ-6,
ਸ.ਅ.ਸ. ਨਗਰ, (ਮੁਹਾਲੀ)।